Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 20* Issue 251 | Thursday, December 23, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


# ਟਰੂਡੋ ਦਾ ਸਟਾਫ, ਸਕਿਊਰਿਟੀ ਆਏ ਪਾਜ਼ੀਟਿਵ

ਓਟਵਾ, 22 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਜਾਰੀ ਕੀਤੀ ਗਈ ਫੈਡਰਲ ਕੋਵਿਡ-19 ਅਪਡੇਟ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਨ੍ਹਾਂ ਦੇ ਸਟਾਫ ਦੇ ਤਿੰਨ ਮੈਂਬਰ ਤੇ ਉਨ੍ਹਾਂ ਦੀ ਸਕਿਊਰਿਟੀ ਦੇ ਤਿੰਨ ਮੈਂਬਰ ਕੋਵਿਡ-19 ਪਾਜ਼ੀਟਿਵ ਆਏ ਹਨ। ਪਰ ਉਨ੍ਹਾਂ ਆਖਿਆ ਕਿ ਕੋਵਿਡ-19 ਲਈ ਕੀਤੇ ਗਏ ਉਨ੍ਹਾਂ ਦੇ ਟੈਸਟ ਅਜੇ ਤੱਕ ਨੈਗੇਟਿਵ ਆਏ ਹਨ।



ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਹ ਫੈਡਰਲ ਅਪਡੇਟ ਦੂਰ ਦਰਾਜ਼ ਤੋਂ ਇਸ ਲਈ ਕੀਤੀ ਜਾ ਰਹੀ ਹੈ ਤਾਂ ਕਿ ਪਬਲਿਕ ਹੈਲਥ ਗਾਈਡਲਾਈਨਜ਼ ਦਾ ਪਾਲਣ ਕੀਤਾ ਜਾ ਸਕੇ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਸਟਾਫ ਵੱਲੋਂ ਵੀ ਪਬਲਿਕ ਹੈਲਥ ਗਾਈਡਲਾਈਨਜ਼ ਦੀ ਪਾਲਣਾ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਉਹ ਖੁਦ ਆਪਣੇ ਲੱਛਣਾਂ ਦੀ ਨਿਗਰਾਨੀ ਕਰ ਰਹੇ ਹਨ ਤੇ ਨਿਯਮਿਤ ਤੌਰ ਉੱਤੇ ਟੈਸਟ ਕਰਵਾ ਰਹੇ ਹਨ। ਪਰ ਅਜੇ ਤੱਕ ਉਨ੍ਹਾਂ ਨੂੰ ਸੈਲਫ ਆਈਸੋਲੇਟ ਕਰਨ ਦੀ ਲੋੜ ਨਹੀਂ ਪਈ।

ਇਸ ਤੋਂ ਪਹਿਲਾਂ ਮਾਰਚ 2020 ਵਿੱਚ ਆਪਣੀ ਪਤਨੀ ਸਫੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਵੀ ਟਰੂਡੋ ਨੇ ਰੀਡੋ ਕਾਟੇਜ ਵਿੱਚ ਸੈਲਫ ਆਈਸੋਲੇਸ਼ਨ ਵਿੱਚ ਕਈ ਹਫਤੇ ਬਿਤਾਏ ਸਨ।

# ਕੋਵਿਡ-19 ਪਾਬੰਦੀਆਂ ਤੋਂ ਪ੍ਰਭਾਵਿਤ ਕਾਰੋਬਾਰਾਂ ਦੀ ਮਦਦ ਲਈ ਫੋਰਡ ਸਰਕਾਰ ਨੇ ਨਵੇਂ ਆਰਥਿਕ ਮਾਪਦੰਡਾਂ ਦਾ ਕੀਤਾ ਐਲਾਨ

ਓਨਟਾਰੀਓ, 22 ਦਸੰਬਰ (ਪੋਸਟ ਬਿਊਰੋ) : ਓਮਾਈਕ੍ਰੌਨ ਵੇਰੀਐਂਟ ਦੇ ਪਸਾਰ ਨੂੰ ਰੋਕਣ ਲਈ ਲਾਈਆਂ ਗਈਆਂ ਤਾਜ਼ਾ ਪਾਬੰਦੀਆਂ ਤੋਂ ਪ੍ਰਭਾਵਿਤ ਕਾਰੋਬਾਰਾਂ ਦੀ ਮਦਦ ਲਈ ਫੋਰਡ ਸਰਕਾਰ ਨੇ ਨਵੇਂ ਆਰਥਿਕ ਮਾਪਦੰਡਾਂ ਦਾ ਐਲਾਨ ਕੀਤਾ।



ਨਵੇਂ ਓਨਟਾਰੀਓ ਬਿਜ਼ਨਸ ਕੌਸਟਸ ਰੀਬੇਟ ਪ੍ਰੋਗਰਾਮ ਤਹਿਤ ਯੋਗ ਬਿਜ਼ਨਸਿਜ਼ ਨੂੰ ਰਿਬੇਟ ਪੇਅਮੈਂਟਸ ਦਿੱਤੀਆਂ ਜਾਣਗੀਆਂ ਜੋ ਕਿ ਪ੍ਰੌਪਰਟੀ ਟੈਕਸ ਤੇ ਐਨਰਜੀ ਕੌਸਟ ਦੇ 50 ਫੀ ਸਦੀ ਬਰਾਬਰ ਹੋਣਗੀਆਂ। ਇਹ ਉਦੋਂ ਤੱਕ ਜਾਰੀ ਰਹਿਣਗੀਆਂ ਜਦੋਂ ਤੱਕ ਤਾਜ਼ਾ ਪਾਬੰਦੀਆਂ ਪ੍ਰਭਾਵੀ ਰਹਿੰਦੀਆਂ ਹਨ। ਇਸ ਤੋਂ ਇਲਾਵਾ ਪ੍ਰੋਵਿੰਸ ਵੱਲੋਂ ਛੇ ਮਹੀਨੇ ਲਈ ਪ੍ਰਭਾਵਿਤ ਕਾਰੋਬਾਰਾਂ ਲਈ ਇੰਟਰਸਟ ਐਂਡ ਪੈਨਲਟੀ ਫਰੀ ਪੀਰੀਅਡ (ਵਿਆਜ ਤੇ ਜੁਰਮਾਨਾ ਰਹਿਤ ਪੀਰੀਅਡ) ਪੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਇਨ੍ਹਾਂ ਕਾਰੋਬਾਰਾਂ ਨੂੰ ਪ੍ਰੋਵਿੰਸ਼ੀਅਲ ਪੱਧਰ ਉੱਤੇ ਲਾਏ ਜਾਣ ਵਾਲੇ ਟੈਕਸਾਂ ਦੀ ਅਦਾਇਗੀ ਕਰਨ ਵਿੱਚ ਮਦਦ ਮਿਲੇਗੀ।


ਫੋਰਡ ਸਰਕਾਰ ਦਾ ਕਹਿਣਾ ਹੈ ਕਿ ਇਸ ਮਾਪਦੰਡ ਨਾਲ ਓਨਟਾਰੀਓ ਦੇ 80,000 ਕਾਰੋਬਾਰਾਂ ਨੂੰ 7.5 ਬਿਲੀਅਨ ਡਾਲਰ ਦੀ ਰਾਹਤ ਮੁਹੱਈਆ ਕਰਵਾਈ ਜਾਵੇਗੀ। ਵਿੱਤ ਮੰਤਰੀ ਪੀਟਰ ਬੈਥਲਨਫੈਲਵੀ ਨੇ ਆਖਿਆ ਕਿ ਕੋਵਿਡ-19 ਖਿਲਾਫ ਪ੍ਰੋਵਿੰਸ ਦੀ ਲੜਾਈ ਵਿੱਚ ਓਨਟਾਰੀਓ ਦੇ ਕਾਰੋਬਾਰ ਪਹਿਲਾਂ ਹੀ ਕਾਫੀ ਯੋਗਦਾਨ ਪਾ ਚੁੱਕੇ ਹਨ। ਅਸੀਂ ਸਮਝਦੇ ਹਾਂ ਕਿ ਵਾਰੀ ਵਾਰੀ ਲਾਈਆਂ ਜਾਣ ਵਾਲੀਆਂ ਅਜਿਹੀਆਂ ਪਾਬੰਦੀਆਂ ਕਾਰਨ ਕਾਰੋਬਾਰਾਂ ਉੱਤੇ ਕਾਫੀ ਅਸਰ ਪਵੇਗਾ ਤੇ ਇਸੇ ਲਈ ਅਸੀਂ ਉਨ੍ਹਾਂ ਦੀ ਮਦਦ ਲਈ ਹੱਥ ਅੱਗੇ ਵਧਾ ਰਹੇ ਹਾਂ।

ਇਹ ਨਵਾਂ ਰਿਬੇਟ ਪ੍ਰੋਗਰਾਮ ਜਨਵਰੀ ਦੇ ਮੱਧ ਵਿੱਚ ਲਾਂਚ ਕੀਤਾ ਜਾਵੇਗਾ ਤੇ ਪ੍ਰੋਵਿੰਸ ਦਾ ਕਹਿਣਾ ਹੈ ਕਿ ਯੋਗ ਕਾਰੋਬਾਰਾਂ ਵਿੱਚ ਰੈਸਟੋਰੈਂਟਸ, ਨਿੱਕੇ ਰੀਟੇਲ ਸਟੋਰਜ਼ ਤੇ ਜਿੰਮਜ਼ ਸ਼ਾਮਲ ਹੋਣਗੇ। ਪ੍ਰੋਵਿੰਸ ਨੇ ਇਹ ਵੀ ਆਖਿਆ ਕਿ ਜਿਹੜੇ ਕਾਰੋਬਾਰ ਇਸ ਲਈ ਯੋਗ ਹੋਣਗੇ ਉਨ੍ਹਾਂ ਦੀ ਲਿਸਟ ਵੀ ਨਵੇਂ ਸਾਲ ਵਿੱਚ ਪ੍ਰੋਗਰਾਮ ਗਾਈਡ ਦੇ ਨਾਲ ਹੀ ਜਾਰੀ ਕੀਤੀ ਜਾਵੇਗੀ।

# ਕਾਊਂਸਲੇਟ ਵਿਖੇ ਵਾਕ-ਇਨ-ਅਟੈਸਟੇਸ਼ਨ ਸਰਵਿਸਿਜ਼ ਜਾਰੀ ਨਾ ਰੱਖਣ ਦਾ ਫੈਸਲਾ

ਟੋਰਾਂਟੋ, 22 ਦਸੰਬਰ (ਪੋਸਟ ਬਿਊਰੋ) : ਕੋਵਿਡ-19 ਸਬੰਧੀ ਪਾਬੰਦੀਆਂ ਸਬੰਧੀ ਤਾਜ਼ਾ ਗਾਈਡਲਾਈਨਜ਼ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਹੈ ਕਿ 23 ਦਸੰਬਰ, 2021 ਤੋਂ ਵਾਕ-ਇਨ-ਅਟੈਸਟੇਸ਼ਨ ਸਰਵਿਸਿਜ਼ ਜਾਰੀ ਨਹੀਂ ਰੱਖੀਆਂ ਜਾਣਗੀਆਂ।

ਕਾਊਂਸੁਲੇਟ ਵੱਲੋਂ ਉਨ੍ਹਾਂ ਬਿਨੈਕਾਰਾਂ ਨੂੰ ਅਟੈਸਟੇਸ਼ਨ ਸਰਵਿਸਿਜ਼ ਮੁਹੱਈਆ ਕਰਵਾਈਆਂ ਜਾਣਗੀਆਂ ਜਿਨ੍ਹਾਂ ਨੂੰ ਸੰਪਰਕ ਪੋਰਟਲ https://www.cgi-toronto.gov.in/sampark/appointment.php ਉੱਤੇ ਅਪੁਆਇੰਟਮੈਂਟ ਲਈ ਅਪਲਾਈ ਕਰਨ ਦੀ ਲੋੜ ਹੋਵੇਗੀ। ਸਿਰਫ ਉਨ੍ਹਾਂ ਨੂੰ ਹੀ ਅਟੈਸਟੇਸ਼ਨ ਸਰਵਿਸਿਜ਼ ਮੁਹੱਈਆ ਕਰਵਾਈਆਂ ਜਾਣਗੀਆਂ ਜਿਹੜੇ ਅਪੁਆਇੰਟਮੈਂਟ ਦੀ ਪੁਸ਼ਟੀ ਕਰਵਾਉਣਗੇ।



ਇਸ ਦੇ ਨਾਲ ਹੀ ਇਨ੍ਹਾਂ ਤਾਜ਼ਾ ਪਾਬੰਦੀਆਂ ਕਾਰਨ 24 ਦਸੰਬਰ, 2021 ਤੋਂ ਓਪਨ ਹਾਊਸ ਸੈਸ਼ਨਜ਼ ਵੀ ਜਾਰੀ ਨਾ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਪਾਸਪੋਰਟ, ਵੀਜ਼ਾ, ਪੁਲਿਸ ਕਲੀਅਰੈਂਸ ਸਰਟੀਫਿਕੇਟਸ, ਓਸੀਆਈ ਐਂਡ ਅਟੈਸਟੇਸ਼ਨ ਆਦਿ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਹਾਸਲ ਕਰਨ ਲਈ ਸੰਪਰਕ ਪੋਰਟਲ https://www.cgi-toronto.gov.in/sampark/index2.php ਉੱਤੇ ਜਾਇਆ ਜਾ ਸਕਦਾ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਲੜਕੀ ਜ਼ਖ਼ਮੀ

ਮਿਸੀਸਾਗਾ, 22 ਦਸੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਮਿਸੀਸਾਗਾ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 17 ਸਾਲਾ ਲੜਕੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।



ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਦੁਪਹਿਰੇ 1:30 ਵਜੇ ਹੁਰੋਂਨਤਾਰੀਓ ਸਟਰੀਟ ਤੇ ਬਰਨਹੈਮਥੌਰਪ ਵਿੱਚ ਵਾਪਰਿਆ। ਪੈਰਾਮੈਡਿਕਸ ਨੇ ਦੱਸਿਆ ਕਿ ਲੜਕੀ ਨੂੰ ਕਾਫੀ ਸੱਟਾਂ ਲੱਗੀਆਂ ਤੇ ਉਸ ਦੀ ਹਾਲਤ ਵੀ ਨਾਜ਼ੁਕ ਬਣੀ ਹੋਈ ਹੈ।

ਡਰਾਈਵਰ ਘਟਨਾ ਵਾਲੀ ਥਾਂ ਉੱਤੇ ਮੌਜੂਦ ਰਿਹਾ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੋਵਿਡ-19 ਪਾਬੰਦੀਆਂ ਦੇ ਬਾਵਜੂਦ ਫੈਡਰਲ ਬੈਨੇਫਿਟ ਲਈ ਕੋਈ ਵੀ ਯੋਗ ਨਹੀਂ



ਓਟਵਾ, 22 ਦਸੰਬਰ (ਪੋਸਟ ਬਿਊਰੋ) : ਕ੍ਰਿਸਮਸ ਤੋਂ ਪਹਿਲਾਂ ਭਾਵੇਂ ਦੇਸ਼ ਵਿੱਚ ਕਈ ਥਾਂਵਾਂ ਉੱਤੇ ਨਵੀਆਂ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ ਪਰ ਨਵੇਂ ਫੈਡਰਲ ਬੈਨੇਫਿਟ ਲਈ ਕੋਈ ਵੀ ਅਜੇ ਤੱਕ ਯੋਗ ਨਹੀਂ ਹੋ ਸਕਿਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਖਾਸ ਵਰਡਿੰਗ ਕਾਰਨ ਵਰਕਰਜ਼ ਨੂੰ ਇਹ ਮਦਦ ਹਾਸਲ ਕਰਨ ਵਿੱਚ ਦਿੱਕਤ ਆ ਰਹੀ ਹੈ।

ਪਿਛਲੇ ਹਫਤੇ ਪਾਰਲੀਆਮੈਂਟ ਵਿੱਚ ਬਿੱਲ ਸੀ-2 ਪਾਸ ਕੀਤਾ ਗਿਆ। ਇਸ ਤਹਿਤ ਕੈਨੇਡਾ ਵਰਕਰ ਲਾਕਡਾਊਨ ਬੈਨੇਫਿਟ (ਸੀ ਡਬਲਿਊ ਐਲ ਬੀ) ਪ੍ਰੋਗਰਾਮ ਤਿਆਰ ਕੀਤਾ ਗਿਆ। ਇਸ ਪ੍ਰੋਗਰਾਮ ਰਾਹੀਂ ਕੋਵਿਡ-19 ਲਾਕਡਾਊਨ ਕਾਰਨ ਕੰਮ ਨਾ ਕਰ ਸਕਣ ਵਾਲੇ ਹਰ ਸ਼ਖਸ ਨੂੰ ਹਫਤੇ ਦੇ 300 ਡਾਲਰ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਬਿੱਲ ਵਿੱਚ ਦਰਸਾਏ ਗਏ ਅਨੁਸਾਰ ਇਹ ਆਰਥਿਕ ਮਦਦ 24 ਅਕਤੂਬਰ, 2021 ਤੇ 7 ਮਈ, 2022 ਦਰਮਿਆਨ ਦਿੱਤੀ ਜਾਣੀ ਹੈ।

ਪਰ ਇਸ ਬਿੱਲ ਦੇ ਪਾਸ ਹੋਣ ਤੇ ਇਸ ਨਵੇਂ ਪ੍ਰੋਗਰਾਮ ਦੇ ਬਾਵਜੂਦ ਅਜੇ ਤੱਕ ਕਿਸੇ ਵੀ ਵਰਕਰ ਵੱਲੋਂ ਇਸ ਮਦਦ ਲਈ ਅਪਲਾਈ ਨਹੀਂ ਕੀਤਾ ਜਾ ਸਕਿਆ ਹੈ ਕਿਉਂਕਿ ਦੇਸ਼ ਵਿੱਚ ਕਿਸੇ ਵੀ ਥਾਂ ਨੂੰ ਲਾਕਡਾਊਨ ਹੇਠਾਂ ਨਹੀਂ ਦਰਸਾਇਆ ਜਾ ਰਿਹਾ।

...ਬਾਕੀ ਪੰਨਾ 4 'ਤੇ


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ICCRC
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
ਇੰਮੀਗਰੇਸ਼ਨ ਸੇਵਾਵਾਂ
10-20% Discount
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr™
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

cupw • sttp
CANADIAN UNION OF POSTAL WORKERS

GIG WORKERS UNITED

# WE DESERVE BETTER PAY & WORKERS' RIGHTS

## JOIN GIG WORKERS UNITED!

**GigWorkersUnited.ca**

Text: JOIN to 647-499-2259
join@gigworkersunited.ca

@GigWorkersUnited @GigWorkersUnite

SCAN ME

CUPE·SCFP 1979

## ਅੱਜ ਨਾਮਾ

ਬਦਲਦੀ ਹਵਾ ਪੰਜਾਬ ਵਿੱਚ ਸਾਫ ਦਿੱਸੇ,
ਅਗਲਾ ਰਾਹ ਨਹੀਂ ਅਜੇ ਸਪੱਸ਼ਟ ਬੇਲੀ।
ਕੋਈ ਨਾ ਜਾਣਦਾ ਹੋਣਾ ਹੈ ਲਾਭ ਜਾਂ ਫਿਰ,
ਵਧਦਾ ਹੋਰ ਪਿਆ ਜਾਵੇਗਾ ਕਸ਼ਟ ਬੇਲੀ।
ਲੱਗੀ ਲੋਕਾਂ ਨੂੰ ਨੇਕੀ ਲਈ ਆਸ ਡਾਢੀ,
ਨਿਸਾਰੇ ਪਊ ਜਾਂ ਹੋਣੀ ਹੈ ਨਸ਼ਟ ਬੇਲੀ।
ਉਹ ਵੀ ਤੁਰੇ ਅਜ਼ਮਾਉਣ ਆ ਹੱਥ-ਕੰਡੇ,
ਲੀਡਰ ਸਿਖਰਾਂ ਦੇ ਜਿਹੜੇ ਭ੍ਰਿਸ਼ਟ ਬੇਲੀ।
ਨੇਕੀ-ਬਦੀ ਵਿੱਚ ਟੱਕਰ ਬਈ ਹੋਣ ਵਾਲੀ,
ਬਦੀਏ ਬਦਮਾਸ਼ ਵੀ ਬਣਨਗੇ ਨੇਕ ਬੇਲੀ।
ਬਣ ਬਣ ਮੇਮਣੇ ਲਾਉਣ ਨਾ ਘਾਤ ਲੂੰਬੜ,
ਇਹ ਤਾਂ ਵੋਟਰ ਦੀ ਅਕਲ'ਤੇ ਟੇਕ ਬੇਲੀ।

**ਤੀਸ ਮਾਰ ਖਾਂ**

## ਕੈਪਟਨ ਅਮਰਿੰਦਰ ਦੀ ਸੁਣ ਲਵੋ: ਪੰਜਾਬ ਦੇ ਸਾਰੇ ਵਿਧਾਇਕ ਰੇਤ ਦੀ ਨਾਜਾਇਜ਼ ਮਾਈਨਿੰਗ ਵਿੱਚ ਸ਼ਾਮਲ

### * ਮੈਂ ਕਿਸੇ ਇੱਕ ਦਾ ਨਾਂਅ ਨਹੀਂ ਲਵਾਂਗਾ: ਅਮਰਿੰਦਰ

ਚੰਡੀਗੜ੍ਹ, 22 ਦਸੰਬਰ, (ਪੋਸਟ ਬਿਊਰੋ)- ਕਾਂਗਰਸ ਛੱਡ ਚੁੱਕੇ ਆਗੂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਸਾਰੇ ਵਿਧਾਇਕ ਰੇਤ ਦੀ ਨਾਜਾਇਜ਼ ਮਾਈਨਿੰਗ ਦੇ ਧੰਦੇ ਵਿੱਚ ਸ਼ਾਮਲ ਹਨ, ਪਰ ਉਹ ਕਿਸੇ ਦਾ ਨਾਂ ਜਨਤਕ ਤੌਰ ਉੱਤੇ ਨਹੀਂ ਲੈਣਗੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਕੁਝ ਲੋਕਾਂ ਦੇ ਨਾਂਅ ਦੱਸ ਸਕਦੇ ਹਨ, ਜਿਹੜੇ ਵੱਡੇ ਧੰਦੇਬਾਜ਼ ਹਨ ਤਾਂ ਕੈਪਟਨ ਨੇ ਕਿਹਾ,'ਫਿਰ ਮੈਨੂੰ ਟਾਪ ਤੋਂ ਹੀ ਸ਼ੁਰੂ ਕਰਨਾ ਪਵੇਗਾ।' ਉਨ੍ਹਾਂ ਕਿਹਾ ਕਿ 'ਤੁਸੀਂ ਇਹ ਪੁੱਛੋ ਕਿ ਕੌਣ ਇਸ ਕਾਰੋਬਾਰ ਵਿੱਚ ਸ਼ਾਮਲ ਨਹੀਂ ਹੈ।'

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਭਾਜਪਾ ਨਾਲ ਮਿਲ ਕੇ ਚੋਣ ਰਣਨੀਤੀ ਬਣਾਉਣ, ਆਪਣੇ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣ ਰਹੇ ਡ੍ਰੋਨ ਅਤੇ ਪੰਜਾਬ ਦੀ ਖੇਤੀ ਅਤੇ ਜ਼ਮੀਨ ਹੇਠਲੇ ਪਾਣੀ ਬਾਰੇ ਗੰਭੀਰ ਮੁੱਦਿਆਂ ਉੱਤੇ ਲੰਬੀ ਗੱਲਬਾਤ ਕੀਤੀ ਹੈ। ਉਨ੍ਹਾਂ ਨੇ ਪਾਕਿਸਤਾਨ ਵੱਲੋਂ ਆ ਰਹੇ ਡ੍ਰੋਨ ਦੇ ਖਤਰੇ ਤੇ ਮੌਜੂਦਾ ਪੰਜਾਬ ਦੀ ਸਰਕਾਰ ਦੀ ਇਸ ਚੁਣੌਤੀ ਪੂਰਨ ਕੰਮਵੱਲ ਗ਼ੈਰ-ਗੰਭੀਰਤਾ ਉੱਤੇ



ਚਿੰਤਾ ਪ੍ਰਗਟ ਕੀਤੀ ਅਤੇ ਪਿਛਲੇ ਅੰਕੜੇ ਦੇ ਕੇ ਦੱਸਿਆ ਕਿ ਪੰਜਾਬ ਇਸ ਸਮੇਂ ਵਧਦੀ ਹੋਈ ਤਕਨੀਕ ਕਾਰਨ ਵੱਡੇ ਖ਼ਤਰੇ ਵਿੱਚ ਹੈ।ਉਨ੍ਹਾਂ ਕਿਹਾ ਕਿ ਚੀਨ ਦੇ ਬਣੇ ਹੋਏ ਡ੍ਰੋਨ 50-50 ਕਿਲੋਮੀਟਰ ਸਰਹੱਦ ਦੇ ਅੰਦਰ ਆਉਣ ਲੱਗੇ ਹਨ, ਜਿਨ੍ਹਾਂ ਵਿੱਚ ਜੀਪੀਐੱਸ ਫਿਟ ਹਨ ਤੇ ਇਹ ਹਥਿਆਰ ਤੇ ਡਰੱਗਜ਼ ਸੁੱਟਦੇ ਹਨ, ਪਰ ਸਾਡੇ ਕੋਲ ਇਨ੍ਹਾਂ ਨੂੰ ਰੋਕਣ ਦੀ ਤਕਨੀਕ ਨਹੀਂ। ਉਨ੍ਹਾਂ ਕਿਹਾ ਕਿ ਇਸ ਖ਼ਤਰੇ ਬਾਰੇਉਨ੍ਹਾਂ ਨੇ ਮੁੱਖ ਮੰਤਰੀ ਹੋਣ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਦੱਸਿਆ ਸੀ, ਪਰ ਪੰਜਾਬ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਲੋਕ ਮੇਰੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਤੇ ਕਹਿੰਦੇ ਹਨ ਕਿ ਇਹ ਗਲਤ ਹੈ।

## ਏਸ਼ੀਅਨ ਚੈਂਪੀਅਨਸ਼ਿਪ ਹਾਕੀ ਟਰਾਫੀ: ਭਾਰਤ ਨੇ ਪਾਕਿਸਤਾਨ ਨੂੰ ਹਰਾ ਕੇ ਕਾਂਸੇ ਦਾ ਤਗਮਾ ਜਿੱਤਿਆ

ਨਵੀਂ ਦਿੱਲੀ, 22 ਦਸੰਬਰ, (ਪੋਸਟ ਬਿਊਰੋ)- ਭਾਰਤੀ ਹਾਕੀ ਟੀਮ ਨੇ ਅੱਜ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਏਸ਼ੀਅਨ ਚੈਂਪੀਅਨਸ ਟਰਾਫੀ ਦੇ ਕਾਂਸੀ ਤਮਗੇ ਲਈ ਮੈਚ ਵਿੱਚ ਪਾਕਿਸਤਾਨ ਨੂੰ 4-3 ਨਾਲ ਹਰਾ ਦਿੱਤਾ ਹੈ।

ਅੱਜ ਢਾਕਾ ਵਿੱਚ ਖੇਡੇ ਗਏ ਏਸ਼ੀਅਨ ਚੈਂਪੀਅਨਸ ਟਰਾਫੀਮੈਚ ਵਿੱਚ ਅੱਧੇ ਤੱਕ ਦੋਵਾਂ ਹੀ ਟੀਮਾਂ ਦਾ ਸਕੋਰ 1-1 ਨਾਲ ਬਰਾਬਰੀ ਉੱਤੇ ਸੀ, ਪਰ ਆਖਰੀ ਦੋ ਕੁਆਰਟਰਾਂ ਵਿੱਚ ਦੋਵਾਂ ਧਿਰਾਂ ਦੇ ਖਿਡਾਰੀਆਂ ਨੇ ਹਮਲਾਵਰ ਖੇਡ ਦਿਖਾਈ। ਇਸ ਦੌਰਾਨ ਭਾਰਤ ਲਈ ਮਨਪ੍ਰੀਤ ਸਿੰਘ, ਸੁਮਿਤ, ਵਰੁਣ ਕੁਮਾਰ ਅਤੇ ਅਕਾਸ਼ਦੀਪ ਸਿੰਘ ਨੇ ਅਤੇ ਪਾਕਿ-ਸਤਾਨ ਲਈ ਅਬਦੁਲ ਰਾਣਾ, ਅਫਰਾਜ ਅਤੇ ਅਹਿਮਦ ਨਦੀਮ ਨੇ ਗੋਲ ਕੀਤੇ।

ਇਸ ਤੋਂ ਪਹਿਲਾਂ ਭਾਰਤ ਨੇ ਹਮਲਾਵਰ ਸ਼ੁਰੂਆਤ ਕੀਤੀ ਤੇ ਇੱਕ ਮਿੰਟ ਵਿੱਚ 3 ਪੈਨਲਟੀ ਕਾਰਨਰ



ਹਾਸਲ ਕੀਤੇ ਸਨ। ਮਨਪ੍ਰੀਤ ਸਿੰਘ ਨੇ ਮੈਚ ਦੇ ਦੂਸਰੇ ਮਿੰਟ ਵਿੱਚ ਹੀ ਪੈਨਲਟੀ ਕਾਰਨਰ ਨੂੰ ਗੋਲ ਵਿੱਚਸੁੱਟ ਕੇ ਭਾਰਤ ਨੂੰ ਬੜ੍ਹਤ ਦਿਵਾ ਦਿੱਤੀ, ਪਰ ਪਾਕਿਸਤਾਨ ਵੱਲੋਂਅਫਰਾਜ਼ ਨੇ ਪਹਿਲੇ ਕੁਆਰਟਰ ਦੀ ਸਮਾਪਤੀ ਤੋਂ ਪਹਿਲਾਂ ਗੋਲ ਕਰਕੇ ਸਕੋਰ 1-1 ਨਾਲ ਬਰਾਬਰ ਕਰ ਦਿੱਤਾ।ਦੂਸਰੇ ਕੁਆਰਟਰ ਵਿੱਚ ਕੋਈ ਗੋਲ ਨਹੀਂ ਹੋਇਆ ਅਤੇ ਸਕੋਰ 1-1 ਨਾਲ ਬਰਾਬਰ ਰਿਹਾ। ਤੀਸਰੇ ਕੁਆਰਟਰ ਵਿੱਚਪਾਕਿਸਤਾਨ ਨੂੰ ਪੈਨਲਟੀ ਕਾਰਨਰ ਮਿਲਿਆ ਤਾਂ ਅਬਦੁਲ ਰਾਣਾ ਨੇ ਇਸ ਤੋਂ ਗੋਲ ਕਰਨਵਿੱਚ ਗਲਤੀ ਨਹੀਂ ਕੀਤੀਅਤੇ ਸਕੋਰ ਪਾਕਿਸਤਾਨ ਦੇ ਹੱਕ ਵਿੱਚ 2-1 ਹੋ ਗਿਆ। ਸੁਮਿਤ ਨੇ ਤੀਸਰਾ ਕੁਆਰਟਰ ਮੁੱਕਣ ਤੋਂ ਪਹਿਲਾਂ ਭਾਰਤ ਨੂੰ ਬਰਾਬਰੀ ਉੱਤੇ ਲੈ ਲਿਆਤੇ ਚੌਥੇ ਕੁਆਰਟਰ ਵਿੱਚ ਜਦੋਂ ਪਾਕਿਸਤਾਨ ਦਾ ਜੁਨੈਦ 2 ਮਿੰਟ ਆਊਟ ਹੋਇਆ ਤਾਂ ਭਾਰਤ ਨੂੰ ਪੈਨਲਟੀ ਕਾਰਨਰ ਮਿਲਿਆ, ਪਰ ਗੋਲ ਨਹੀਂ ਹੋ ਸਕਿਆ। ਫਿਰ ਵਰੁਣ ਕੁਮਾਰ ਨੇ ਪੈਨਲਟੀ ਕਾਰਨਰਤੋਂਗੋਲ ਕੀਤਾ ਤਾਂ ਸਕੋਰ 3-2 ਹੋ ਗਿਆ।ਫਿਰ ਅਕਾਸ਼ਦੀਪ ਸਿੰਘ ਦੇ ਗੋਲ ਨਾਲ ਭਾਰਤ ਨੇ ਸਕੋਰ 4-2 ਕਰ ਦਿੱਤਾ। ਅਹਿਮਦ ਨਦੀਮ ਨੇ ਪਾਕਿ ਟੀਮ ਦਾ ਤੀਜਾ ਗੋਲ ਕੀਤਾ, ਪਰ ਭਾਰਤ ਨੇ ਆਖਰ 4-3 ਨਾਲ ਕਾਂਸੀ ਦਾ ਤਗਮਾ ਜਿੱਤ ਲਿਆ।

## ਕੋਵਿਡ-19 ਪਾਬੰਦੀਆਂ ਦੇ ਬਾਵਜੂਦ ਫੈਡਰਲ ਬੈਨੇਫਿਟ ਲਈ ਕੋਈ ਵੀ ਯੋਗ ਨਹੀਂ

...ਪੰਨਾ 1 ਦਾ ਬਾਕੀ

ਸੀ ਡਬਲਿਊ ਐਲ ਬੀ ਉਦੋਂ ਹੀ ਹਾਸਲ ਹੋਵੇਗਾ ਜਦੋਂ ਕੋਵਿਡ-19 ਕਾਰਨ ਕਿਸੇ ਰੀਜਨ ਨੂੰ ਲਾਕਡਾਊਨ ਕੀਤਾ ਗਿਆ ਹੋਵੇਗਾ। ਤੁਹਾਡਾ ਰੀਜਨ ਉਸ ਸਮੇਂ ਹੀ ਇਸ ਪ੍ਰੋਗਰਾਮ ਅਧੀਨ ਆਵੇਗਾ ਜਦੋਂ 14 ਦਿਨਾਂ ਲਈ ਉੱਥੇ ਲਾਕਡਾਊਨ ਹੋਇਆ ਹੋਵੇ।ਇਹ ਖੁਲਾਸਾ ਫੈਡਰਲ ਸਰਕਾਰ ਦੀ ਵੈੱਬਸਾਈਟ ਉੱਤੇ ਕੀਤਾ ਗਿਆ ਹੈ। ਕਈ ਸ਼ੌਪਜ਼, ਬਾਰਜ਼ ਤੇ ਰੈਸਟੋਰੈਂਟਸ ਨੂੰ ਓਮਾਈਕ੍ਰੌਨ ਵੇਰੀਐਂਟ ਦੇ ਪਸਾਰ ਤੋਂ ਬਾਅਦ ਧੱਕੇ ਨਾਲ ਬੰਦ ਕਰਨ ਲਈ ਆਖਿਆ ਜਾ ਰਿਹਾ ਹੈ। ਇਨ੍ਹਾਂ ਥਾਂਵਾਂ ਦੀ ਕਪੈਸਿਟੀ ਲਿਮਿਟ ਕਾਫੀ ਘਟਾ ਦਿੱਤੀ ਗਈ ਹੈ। ਪਰ ਆਪਣੇ ਕੰਮ ਤੋਂ ਹੱਥ ਧੁਆ ਬੈਠੇ ਲੋਕਾਂ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਹੁਣ ਕਿੱਧਰ ਜਾਣ ਕਿਉਂਕਿ ਸਰਕਾਰਾਂ ਨਾ ਤਾਂ ਪੂਰੀ ਤਰ੍ਹਾਂ ਲਾਕਡਾਊਨ ਲਾ ਰਹੀਆਂ ਹਨ ਤੇ ਨਾ ਹੀ ਸੀ ਈ ਆਰ ਬੀ ਵਾਂਗ ਸਰਕਾਰ ਵੱਲੋਂ ਹੀ ਆਰਥਿਕ ਮਦਦ ਲਈ 2000 ਡਾਲਰ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਜਿਸ ਕਾਰਨ ਕਈ ਲੋਕਾਂ ਨੂੰ ਦੋ ਵਕਤ ਦੀ ਰੋਟੀ ਦੇ ਵੀ ਲਾਲੇ ਪੈ ਗਏ ਹਨ।

## ਕੋਵਿਡ-19 ਦੇ ਇਲਾਜ ਲਈ ਅਮੈਰੀਕਨਜ਼ ਹੁਣ ਲੈ ਸਕਣਗੇ ਫਾਈਜ਼ਰ ਦੀ ਪਿੱਲ

ਵਾਸ਼ਿੰਗਟਨ, 22 ਦਸੰਬਰ (ਪੋਸਟ ਬਿਊਰੋ) : ਅਮਰੀਕਾ ਦੇ ਹੈਲਥ ਰੈਗੂਲੇਟਰਜ਼ ਨੇ ਬੁੱਧਵਾਰ ਨੂੰ ਕੋਵਿਡ-19 ਖਿਲਾਫ ਪਹਿਲੀ ਪਿੱਲ ਨੂੰ ਆਥਰਾਈਜ਼ ਕਰ ਦਿੱਤਾ। ਵਾਇਰਸ ਦੇ ਮਾੜੇ ਪ੍ਰਭਾਵ ਨੂੰ ਰੋਕਣ ਲਈ ਘਰ ਵਿੱਚ ਹੀ ਹੁਣ ਅਮੈਰੀਕਨਜ਼ ਫਾਈਜ਼ਰ ਕੰਪਨੀ ਦੀ ਇਹ ਪਿੱਲ ਲੈ ਸਕਣਗੇ।

ਓਮਾਈਕ੍ਰੌਨ ਵੇਰੀਐਂਟ ਕਾਰਨ ਮੁੜ ਤੇਜ਼ੀ ਨਾਲ ਭਰ ਰਹੇ ਅਮਰੀਕਾ ਦੇ ਹਸਪਤਾਲਾਂ ਦਰਮਿਆਨ ਇਹ ਨਵੀਂ ਰਾਹਤ ਦੀ ਖਬਰ ਆਈ ਹੈ। ਚਿਰਾਂ ਤੋਂ ਇਸ ਤਰ੍ਹਾਂ ਦੀ ਕਿਸੇ ਪਿੱਲ ਦੀ ਉਡੀਕ ਕੀਤੀ ਜਾ ਰਹੀ ਸੀ ਜਿਸ ਨਾਲ ਇਸ ਵਾਇਰਸ ਤੋਂ ਥੋੜ੍ਹਾ ਸਾਹ ਆ ਸਕੇ। ਇਹ ਪਿੱਲ, ਜਿਸ ਦਾ ਨਾਂ ਪੈਕਸਲੋਵਿਡ ਹੈ, ਕੋਵਿਡ-19 ਦੇ ਮੁੱਢਲੇ ਲੱਛਣਾਂ ਦੇ ਇਲਾਜ ਲਈ ਕਾਫੀ ਤੇਜ਼ ਤੇ ਸਸਤਾ ਇਲਾਜ ਹੈ। ਇਸ ਪਿੱਲ ਦੀ ਸਪਲਾਈ ਕਾਫੀ ਸੀਮਤ ਹੈ। ਪਹਿਲਾਂ ਆਥਰਾਈਜ਼ ਕੀਤੀਆਂ ਗਈਆਂ ਵੈਕਸੀਨਜ਼ ਲਈ ਆਈ ਵੀ ਜਾਂ ਇੰਜੈਕਸ਼ਨ ਦੀ ਲੋੜ ਪੈਂਦੀ ਸੀ।

ਇਸ ਤੋਂ ਇਲਾਵਾ ਮਰਕ ਦੀ ਐਂਟੀਵਾਇਰਲ ਪਿੱਲ ਨੂੰ ਵੀ ਜਲਦ ਹੀ ਆਥਰਾਈਜ਼ੇਸ਼ਨ ਮਿਲਣ ਦੀ ਸੰਭਾਵਨਾ ਹੈ। ਪਰ ਫਾਈਜ਼ਰ ਦੀ ਇਹ ਪਿੱਲ ਤਰਜੀਹੀ ਬਦਲ ਵਜੋਂ ਅਪਣਾਈ ਜਾ ਸਕਦੀ ਹੈ ਕਿਉਂਕਿ ਇਸ ਦੇ ਸਾਈਡ ਇਫੈਕਟਸ ਬਹੁਤ



ਮਾਮੂਲੀ ਹਨ ਤੇ ਇਸ ਦਾ ਸਕਾਰ-ਾਤਮਕ ਅਸਰ ਕਾਫੀ ਜ਼ਿਆਦਾ ਹੈ। ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਬਾਲਗਾਂ ਤੇ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਇਸ ਪਿੱਲ ਨੂੰ ਇਜਾਜ਼ਤ ਦਿੱਤੀ ਗਈ ਹੈ। ਇਹ ਪਿੱਲ ਮੁਟਾਪੇ ਤੇ ਦਿਲ ਦੀਆਂ ਬਿਮਾਰੀਆਂ ਤੋਂ ਪ੍ਰਭਾਵਿਤ ਲੋਕਾਂ ਲਈ ਵੀ ਮਾਫਕ ਦੱਸੀ ਜਾ ਰਹੀ ਹੈ। ਇਸ ਦਵਾਈ ਨੂੰ ਲੈਣ ਵਾਲੇ ਬੱਚਿਆਂ ਦਾ ਭਾਰ 88 ਪਾਊਂਡ (40 ਕਿੱਲੋਗ੍ਰਾਮ) ਹੋਣਾ ਚਾਹੀਦਾ ਹੈ।

## ਬਿਕਰਮ ਸਿੰਘ ਮਜੀਠੀਏ ਖਿਲਾਫ ਲੁੱਕਆਊਟ ਨੋਟਿਸ ਜਾਰੀ, ਵਿਦੇਸ਼ ਭੱਜਣ ਦਾ ਸ਼ੱਕ

ਚੰਡੀਗੜ੍ਹ, 22 ਦਸੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਵਿਧਾਇਕ ਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਪੰਜਾਬ ਪੁਲਿਸ ਦੀ ਬੇਨਤੀ ਉੱਤੇਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਅੱਜਲੁੱਕਆਊਟ ਨੋਟਿਸ ਜਾਰੀ ਕਰ ਦਿੱਤਾ ਹੈ, ਜਿਸ ਨਾਲ ਮਜੀਠੀਆ ਦੀਆਂ ਮੁਸ਼ਕਲ ਹੋਰ ਵਧ ਜਾਣਗੀਆਂ।

ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਨੂੰ ਬਿਕਰਮ ਸਿੰਘ ਮਜੀਠੀਆ ਦੇ ਵਿਦੇਸ਼ ਭੱਜ ਜਾਣ ਦਾ ਸ਼ੱਕ ਹੈ, ਜਿਸ ਕਰ ਕੇ ਉਸ ਦੇ ਖਿਲਾਫ ਲੁੱਕਆਊਟ ਨੋਟਿਸ ਜਾਰੀ ਕਰਾਇਆ ਹੈ। ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸੂਚਨਾ ਭੇਜ ਕੇ ਬਿਕਰਮ ਸਿੰਘ ਮਜੀਠੀਆ ਦੇ ਵਿਦੇਸ਼ ਭੱਜਣ ਦੀ ਕੋਸ਼ਿਸ਼ ਦਾ ਸ਼ੱਕ ਜ਼ਾਹਿਰ ਕੀਤਾ ਤੇ ਅੱਗੋਂ ਕੇਂਦਰ ਸਰਕਾਰ ਨੇ ਉਸ ਦੇ ਖਿਲਾਫ ਇਹ ਨੋਟਿਸ ਜਾਰੀ ਕੀਤਾ ਹੈ, ਜਿਸ ਦੇ ਬਾਅਦ ਉਹ ਕਿਸੇ ਵੀ ਏਅਰਪੋਰਟ ਤੋਂ ਵਿਦੇਸ਼ ਜਾਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਓਥੇ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ।ਵਰਨਣ ਯੋਗ ਹੈ ਕਿ ਬੀਤੀ 20 ਦਸੰਬਰ ਰਾਤ ਨੂੰ ਬਿਕਰਮ ਸਿੰਘ ਮਜੀਠੀਆ ਵਿਰੁੱਧਨਸ਼ੀਲੇ ਪਦਾਰਥਾਂ ਬਾਰੇ ਕਾਨੂੰਨ (ਐਨਡੀਪੀਐਸ ਐਕਟ) ਦਾ ਕੇਸ ਦਰਜ ਕੀਤਾ ਜਾਣਪਿੱਛੋਂ ਉਨ੍ਹਾਂ ਦੇ ਘਰਛਾਪਾਮਾਰੀ ਹੋ ਰਹੀ ਹੈ, ਪਰ ਉਹ ਘਰ ਜਾਂ ਕਿਸੇ ਵੀ ਹੋਰ ਟਿਕਾਣੇ ਉੱਤੇ ਨਹੀਂ ਮਿਲੇ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪੁਲਸ ਦੀਆਂ 4 ਟੀਮਾਂ ਨੇ 16 ਥਾਂ ਛਾਪੇ ਮਾਰੇ ਸਨ, ਜਿਨ੍ਹਾਂ ਵਿੱਚੋਂ ਇੱਕ ਟੀਮ ਤੜਕੇ 3:30 ਵਜੇ ਚੰਡੀਗੜ੍ਹ ਵਿੱਚ ਸਰਕਾਰੀ ਫਲੈਟ ਵਿੱਚ ਵੀ ਗਈ, ਪਰ ਉਥੇ ਵੀ ਕੋਈ ਨਹੀਂ ਮਿਲਿਆ। ਸੂਤਰਾਂ



ਮੁਤਾਬਕ ਕੇਸ ਦਰਜ ਹੋਣ ਪਿੱਛੋਂ ਬਿਕਰਮ ਸਿੰਘ ਮਜੀਠੀਆ ਦੇ ਪੰਜਾਬ ਤੋਂ ਬਾਹਰ ਜਾਣ ਦੀ ਗੁਪਤ ਸੂਚਨਾ ਮਿਲ ਰਹੀ ਹੈ।

ਜਾਣਕਾਰ ਦੱਸਦੇ ਹਨ ਕਿ ਆਪਣੇ ਖਿਲਾਫ ਡਰੱਗਜ਼ ਕੇਸ ਵਿੱਚ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਬਿਕਰਮ ਸਿੰਘ ਮਜੀਠੀਆ ਅੰਡਰਗਰਾਊਂਡ ਹੋ ਗਿਆ ਸੀ, ਕਿਉਂਕਿ ਉਸ ਨੂੰ ਪਤਾ ਸੀ ਕਿ ਉਸ ਦੀ ਗ੍ਰਿਫਤਾਰੀ ਕਿਸੇ ਵੇਲੇ ਵੀ ਹੋ ਸਕਦੀ ਹੈ।ਓਦੋਂ ਤੋਂ ਪੁਲਿਸ ਦੀ ਤਿੰਨ ਮੈਂਬਰੀ ਟੀਮ (ਐੱਸ ਆਈ ਟੀ) ਬਿਕਰਮ ਸਿੰਘ ਮਜੀਠੀਆ ਨੂੰ ਲੱਭ ਰਹੀ ਹੈ। ਇਸ ਐਸਆਈਟੀ ਦੀ ਅਗਵਾਈ ਏਆਈਜੀ ਬਲਰਾਜ ਸਿੰਘ ਕਰ ਰਹੇ ਹਨ ਅਤੇ ਉਨ੍ਹਾਂ ਨਾਲ ਦੋ ਡੀਐਸਪੀ ਹਨ। ਕੇਸਦਰਜ ਹੋਣ ਪਿੱਛੋਂ ਮਜੀਠੀਆ ਨੇ ਆਪਣੇ ਮੋਬਾਈਲ ਦੀ ਲੋਕੇਸ਼ਨ ਤੋਂ ਪੁਲਿਸ ਨੂੰ ਝਕਾਨੀ ਦਿੱਤੀ ਅਤੇ ਜਦੋਂ ਉਸ ਦੀ ਗ੍ਰਿਫ਼ਤਾਰੀ ਲਈ ਛਾਪਾ ਮਾਰਿਆ ਗਿਆ ਤਾਂ ਓਥੇ ਮੋਬਾਈਲ ਮਿਲਿਆ, ਮਜੀਠੀਆ ਨਹੀਂ ਸੀ। ਚੋਣਾਂ ਦੇ ਐਲਾਨ ਵਿੱਚ ਕੁਝ ਦਿਨਹੀ ਰਹਿੰਦੇ ਹੋਣ ਕਾਰਨ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਲਗਾਤਾਰ ਮਜੀਠੀਆ ਨੂੰ ਲੱਭਦੀ ਫਿਰਦੀ ਹੈ। ਸਰਕਾਰ ਕਿਸੇ ਵੀ ਤਰ੍ਹਾਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਇਸ ਮੁੱਦੇ ਉੱਤੇ ਆਪਣਾ ਅਕਸ ਸੁਧਾਰਨਾ ਚਾਹੁੰਦੀਹੈ।

## ਮਜੀਠੀਆ ਦੀ ਹਮਾਇਤ ਕਰਨ ਉੱਤੇ ਕੈਪਟਨ ਖਿਲਾਫ ਨਵਜੋਤ ਸਿੱਧੂ ਦਾ ਹਮਲਾ

ਅੰਮ੍ਰਿਤਸਰ, 22 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪੱਖ ਵਿੱਚ ਖੁੱਲ੍ਹ ਕੇ ਬੋਲਣ ਕਾਰਨ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਕੈਪਟਨ ਅਮਰਿੰਦਰ ਸਿੰਘ ਉੱਪਰ ਤਿੱਖੇ ਨਿਸ਼ਾਨੇ ਸੇਧੇ ਹਨ।

ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਡਰੱਗਜ਼ ਕੇਸ ਵਿੱਚ ਕਾਰਵਾਈ ਸ਼ੁਰੂ ਹੋਣ ਬਾਰੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਟਿੱਪਣੀ ਬਾਰੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਾਢੇ ਚਾਰ ਸਾਲ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਦੀ ਇਸ ਬਾਰੇ ਰਿਪੋਰਟ ਉੱਤੇ ਕਾਰਵਾਈ ਨਹੀਂ ਕੀਤੀ, ਜਦੋਂ ਕਿ ਕਾਂਗਰਸ ਦੇ ਵਿਧਾਇਕ ਇਸ ਰਿਪੋਰਟ ਉੱਤੇ ਕਾਰਵਾਈ ਦੀ ਮੰਗ ਕਰਦੇ ਸਨ। ਸਿੱਧੂ ਨੇ ਕੁਝ ਸਮਾਂ ਪਹਿਲਾਂ ਕਾਗਰਸ ਦੀ ਪ੍ਰਧਾਨਗੀ ਤੋਂ ਆਪਣੇ ਅਸਤੀਫਾ ਦੇਣ ਦੇ ਫ਼ੈਸਲੇ ਨੂੰ ਸਹੀ ਦੱਸ ਕੇ ਕਿਹਾ ਕਿ ਸਾਬਤ ਹੋ ਗਿਆ ਹੈ ਕਿ ਅਕਾਲੀ ਦਲ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਮਿਲੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਝੂਠੇ ਵਾਅਦੇ ਨਾਲ ਅੱਗੇ ਨਹੀਂ ਲਿਜਾਇਆ ਜਾ ਸਕਦਾ, ਵਿਕਾਸ ਲਈ ਨੀਤੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਮੈਨੂੰ ਜ਼ਿੰਮੇਵਾਰੀ ਮਿਲੀ ਤਾਂ ਪੰਜਾਬ ਦੇ ਰੋਡਮੈਪ ਨਾਲ ਇਸ ਨੂੰ ਤਰੱਕੀ ਵੱਲ ਲੈ ਜਾਵਾਂਗਾ। ਉਨ੍ਹਾਂ ਕਿਹਾ ਕਿ ਅੱਜ ਜਿੰਦਾਂ ਦੀ ਜ਼ਿੰਮੇਵਾਰੀ ਮਿਲੀ ਹੈ, ਮੈਂ ਉਹ ਵੀ ਤਨਦੇਹੀ ਨਾਲ ਨਿਭਾ ਰਿਹਾ ਹਾਂ।

## ਪੰਜਾਬ ਕਾਂਗਰਸ ਦਾ ਸਾਬਕਾ ਇੰਚਾਰਜ ਹਰੀਸ਼ ਰਾਵਤ ਵੀ ਕਾਂਗਰਸ ਨੂੰ ਛੱਡਣ ਦੇ ਰੌਂਅ ਵਿੱਚ

ਦੇਹਰਾਦੂਨ, 22 ਦਸੰਬਰ, (ਪੋਸਟ ਬਿਊਰੋ)- ਉੱਤਰਾਖੰਡ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਉਸ ਰਾਜ ਵਿਚਲੀ ਕਾਂਗਰਸ ਦੀ ਚੋਣ ਮੁਹਿੰਮ ਕਮੇਟੀ ਦੇ ਚੇਅਰਮੈਨ ਤੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਆਪਣੀ ਪਾਰਟੀ ਤੇ ਇਸ ਦੇ ਕੇਂਦਰੀ ਸੰਗਠਨ ਉੱਤੇ ਸਹਿਯੋਗ ਨਾ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਹਾਈ ਕਮਾਂਡ ਦਾ ਸੰਗਠਨ ਉਨ੍ਹਾਂ ਦਾ ਸਹਿਯੋਗ ਦੀ ਥਾਂ ਨਕਾਰਾਤਮਕ ਭੂਮਿਕਾ ਨਿਭਾ ਰਿਹਾ ਹੈ। ਨਿਰਾਸ਼ਾ ਨਾਲ ਹਰੀਸ਼ ਰਾਵਤ ਨੇ ਕਿਹਾ ਕਿ ਇਸ ਵੇਲੇ ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦਾ ਆਰਾਮ ਕਰਨ ਜਾਂ ਨਵਾਂ ਰਾਹ ਲੱਭਣ ਦਾ ਸਮਾਂ ਆ ਗਿਆ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਰਹਿ ਚੁੱਕੇ ਤੇ ਉੱਤਰਾ ਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਉਸ ਰਾਜ ਦੇ ਉਨ੍ਹਾਂ ਚੋਣਵੇ ਆਗੂਆਂ ਵਿੱਚੋਂ ਹਨ, ਜਿਹੜੇ ਇੰਟਰਨੈੱਟ ਮੀਡੀਆ ਰਾਹੀਂ ਦਿਲ ਦੀ ਗੱਲ ਕਹਿੰਦੇ ਰਹਿੰਦੇ ਹਨ। ਬੁੱਧਵਾਰ ਦੀ ਦੁਪਹਿਰ ਹਰੀਸ਼ ਰਾਵਤ ਦੀ ਫੇਸਬੁੱਕ ਉੱਤੇ ਕੀਤੀ ਇੱਕ ਪੋਸਟ ਨੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਮਚਾ ਦਿੱਤੀ ਤੇ ਇਸ ਦੇ ਵੱਖੋ-ਵੱਖ ਅਰਥ ਕੱਢੇ ਜਾਣ ਲੱਗੇ ਹਨ।ਜਾਣਕਾਰ ਸੂਤਰਾਂ ਮੁਤਾਬਕ ਹਰੀਸ਼ ਰਾਵਤ ਇਸ ਰਾਜ ਲਈ ਕਾਂਗਰਸ ਹਾਈ ਕਮਾਂਡ ਵੱਲੋਂ ਇੰਚਾਰਜ ਦੇਵੇਂਦਰ ਯਾਦਵ ਤੋਂ ਨਾਖੁਸ਼ ਹਨ। ਰਾਵਤ ਬੀਤੇ ਕਈ ਮਹੀਨਿਆਂ ਤੋਂ ਖ਼ੁਦ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਜਾਣ ਦੀ ਮੰਗ ਕਰ ਰਹੇ ਹਨ, ਪਰ ਹਾਈ ਕਮਾਨ ਨੇ ਇਹ ਮੰਗ ਰੱਦ ਕਰ ਕੇ ਸਾਂਝੀ ਅਗਵਾਈ ਵਿੱਚ ਚੋਣ ਲੜਨ ਦੀ ਗੱਲ ਕਹੀ ਹੋਈ ਹੈ। ਇਸ ਕਾਰਨ ਅੱਜ ਕੀਤੇ ਪੋਸਟ ਵਿੱਚ ਹਰੀਸ਼ ਰਾਵਤ ਨੇ ਕਿਹਾ ਕਿ "ਹੈ ਨਾ ਅਜੀਬ ਜਿਹੀ ਗੱਲ, ਚੋਣ ਦਾ ਸਮੁੰਦਰ ਤੈਰਨਵਾਸਤੇ ਸਹਿਯੋਗ ਕਰਨ ਲਈ ਸੰਗਠਨ ਦਾ ਢਾਂਚਾ ਬਹੁਤੇਥਾਂਈਂ ਸਹਿਯੋਗ ਦਾ ਹੱਥ ਅੱਗੇ ਵਧਾਉਣ ਦੀ ਥਾਂ ਜਾਂ ਮੂੰਹ ਮੋੜ ਕੇ ਖੜੋਂਦਾ ਹੈ ਜਾਂ ਨਾਂਹ-ਪੱਖੀ ਭੂਮਿਕਾ ਨਿਭਾ ਰਿਹਾ ਹੈ। ਜਿਸ ਸਮੁੰਦਰ ਵਿੱਚ ਤਰਨਾ ਹੈ, ਸੱਤਾ ਨੇ ਉੱਥੇ ਕਈ ਮਗਰਮੱਛ ਛੱਡ ਰੱਖੇ ਹਨ। ਜਿਨ੍ਹਾਂ ਦੇ ਹੁਕਮ ਉੱਤੇ ਤਰਨਾ ਹੈ, ਉਨ੍ਹਾਂ ਦੇ ਨੁਮ-ਾਇੰਦੇ ਮੇਰੇ ਹੱਥ-ਪੈਰ ਬੰਨ੍ਹ ਰਹੇ ਹਨ। ਮਨ ਵਿੱਚ ਬਹੁਤ ਵਾਰੀ ਵਿਚਾਰ ਆ ਰਿਹਾ ਹੈ ਕਿ ਹਰੀਸ਼ ਰਾਵਤ, ਬਹੁਤ ਹੋ ਗਿਆ, ਬਹੁਤ ਤਰ ਲਿਆ, ਆਰਾਮ ਕਰਨ ਦਾ ਸਮਾਂ ਹੈ। ਫਿਰ ਚੁੱਪ-ਚੁਪੀਤੇ ਮਨ ਦੇ ਕੋਨੇਤੋਂ ਆਵਾਜ਼ ਉੱਠਦੀ ਹੈ, 'ਨ ਦੈਨਯਮ, ਨ ਪਲਾਯਨਮ'। ਬੜੇ ਸ਼ਸ਼ੋਪੰਜ ਵਾਲੀ ਹਾਲਤ ਵਿੱਚ ਹਾਂ, ਨਵਾਂ ਸਾਲ ਸ਼ਾਇਦ ਰਾਹ ਦਿਖਾ ਦੇਵੇ। ਮੈਨੂੰ ਵਿਸ਼ਵਾਸ ਹੈ ਕਿ ਭਗਵਾਨ ਕੇਦਾਰਨਾਥ ਜੀ ਇਸ ਸਥਿਤੀ ਵਿੱਚ ਮੇਰਾ ਮਾਰਗ ਦਰਸ਼ਨ ਕਰਨਗੇ।" ਇਸ ਤੋਂ ਕਿਆਸ ਲਾਏ ਜਾ ਰਹੇ ਹਨ ਕਿ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਅਗਲੀ ਵਿਧਾਨ ਸਭਾ ਚੋਣ ਤੋਂ ਪਹਿਲਾਂ ਕਾਂਗਰਸ ਪਾਰਟੀ ਛੱਡ ਕੇ ਜਾ ਸਕਦੇ ਹਨ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK) Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਮੁੱਖ ਮੰਤਰੀ ਨਾਲ ਮੁਲਾਕਾਤ


ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.




ਚੰਡੀਗੜ੍ਹ, 22 ਦਸੰਬਰ (ਗਿਆਨ ਸਿੰਘ): ਰਾਧਾ ਸੁਆਮੀ ਡੇਰਾ ਸਤਿਸੰਗ, ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਅੱਜ ਸਵੇਰੇ ਇੱਥੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਉਨ੍ਹਾਂ ਦੀ ਰਿਹਾਇਸ਼ ਉਤੇ ਮੁਲਾਕਾਤ ਕੀਤੀ।

ਇਸ ਦੌਰਾਨ ਮੁੱਖ ਮੰਤਰੀ ਚੰਨੀ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੇ ਬਾਬਾ ਗੁਰਿੰਦਰ ਸਿੰਘ ਦਾ ਆਸ਼ੀਰਵਾਦ ਲਿਆ ਤਾਂ ਕਿ ਉਹ ਆਪਣੀ ਸਮਰੱਥਾ ਅਤੇ ਕਾਬਲੀਅਤ ਦੇ ਅਨੁਸਾਰ ਸੂਬੇ ਅਤੇ ਲੋਕਾਂ ਦੀ ਸੇਵਾ ਕਰ ਸਕਣ।

ਬਾਬਾ ਗੁਰਿੰਦਰ ਸਿੰਘ ਨੇ ਮਨੁੱਖਤਾ ਦੀ ਭਲਾਈ ਲਈ ਸੂਬਾ ਸਰਕਾਰ ਵੱਲੋਂ ਲਏ ਗਏ ਲੋਕ ਪੱਖੀ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕੋਵਿਡ-19 ਦੀ ਮਹਾਂਮਾਰੀ ਦੌਰਾਨ ਕੋਵਿਡ ਨੂੰ ਕਾਬੂ ਹੇਠ ਰੱਖਣ ਲਈ ਲੋਕਾਂ ਨੂੰ ਟੀਕਾਕਰਨ ਵਾਸਤੇ ਪ੍ਰੇਰਿਤ ਕਰਨ ਅਤੇ ਹੋਰ ਇਹਤਿਆਦੀ ਕਦਮ ਚੁੱਕਣ ਲਈ ਸੂਬਾ ਭਰ ਵਿਚ ਹਾਲਾਤ ਨਾਲ ਪ੍ਰਭਾਵੀ ਢੰਗ ਨਾਲ ਨਿਪਟਣ ਲਈ ਸਰਕਾਰ ਦੇ ਯਤਨਾਂ ਨੂੰ ਸਲਾਹਿਆ।

ਇਹ ਦੱਸਣਯੋਗ ਹੈ ਕਿ ਮੁੱਖ ਮੰਤਰੀ ਚੰਨੀ ਨੇ ਬੀਤੇ ਦਿਨ ਡੇਰਾ ਬਿਆਸ ਜਾ ਕੇ ਬਾਬਾ ਗੁਰਿੰਦਰ ਸਿੰਘ ਦਾ ਆਸ਼ੀਰਵਾਦ ਲਿਆ।

# ਮਾਝੇ ਦੀ ਧਰਤੀ 'ਤੇ ਗਰਜੇ ਭਗਵੰਤ ਮਾਨ: ਕਾਂਗਰਸ- ਸ਼੍ਰੋਮਣੀ ਅਕਾਲੀ ਦਲ ਨੇ 44 ਸਾਲ 'ਚ ਪੰਜਾਬ ਲਈ ਕੁੱਝ ਨਹੀਂ ਕੀਤਾ ਤਾਂ ਅਗਲੇ 5 ਸਾਲਾਂ 'ਚ ਵੀ ਕੁੱਝ ਨਹੀਂ ਕਰਨਗੇ

## ਕਿਸਾਨ ਵਿਰੋਧੀ ਕਾਨੂੰਨ ਬਣਾਉਣ 'ਚ ਬਾਦਲ ਮੁੱਖ ਸਾਜਿਸ਼ਕਾਰਤਾ, ਪਰ ਕਿਸਾਨ ਅੰਦੋਲਨ ਦੇ ਦਬਾਅ 'ਚ ਛੱਡੀ ਭਾਜਪਾ



ਅਜਨਾਲਾ (ਸ਼੍ਰੀ ਅੰਮ੍ਰਿਤਸਰ), 22 ਦਸੰਬਰ (ਗਿਆਨ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਮਾਝੇ ਦੀ ਧਰਤੀ 'ਤੇ 'ਆਪ' ਵੱਲੋਂ ਕਰਵਾਈ ਜਨ ਸਭਾ 'ਚ ਗਰਜਦਿਆਂ ਕਿਹਾ ਕਿ ਭਾਵੇਂ ਨਸ਼ਾ, ਬੇਰੁਜ਼ਗਾਰੀ, ਗਰੀਬੀ ਅਤੇ ਮਹਿੰਗਾਈ ਸਾਰੇ ਪੰਜਾਬ ਦੀਆਂ ਸਮੱਸਿਆਵਾਂ ਹਨ, ਪਰ ਸਰਹੱਦੀ ਖੇਤਰ ਦੇ ਲੋਕਾਂ ਨੂੰ ਹੋਰ ਵਾਧੂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਾਨ ਨੇ ਕਿਹਾ ਸਰਹੱਦੀ ਖੇਤਰ ਦੇ ਕਿਸਾਨਾਂ ਨੂੰ ਖੇਤੀਬਾੜੀ ਕਰਨ ਲਈ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰ ਜਾਣਾ ਪੈਂਦਾ ਹੈ, ਪਰ ਕਾਂਗਰਸ ਅਤੇ ਅਕਾਲੀ ਭਾਜਪਾ ਦੀਆਂ ਸਰਕਾਰਾਂ ਨੇ ਇਨ੍ਹਾਂ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ, ਸਗੋਂ ਕਿਸਾਨਾਂ ਨੂੰ ਪ੍ਰਤੀ ਏਕੜ ਉਚਿਤ ਮੁਅਵਜ਼ਾ ਦੇਣ ਦੇ ਐਲਾਨ ਤੋਂ ਸੱਤਾਧਾਰੀ ਮੁੱਕਰ ਗਏ। ਇਸ ਮੌਕੇ ਹਲਕਾ ਇੰਚਾਰਜ ਅਜਨਾਲਾ ਕੁਲਦੀਪ ਸਿੰਘ ਧਾਲੀਵਾਲ, ਹਲਕਾ ਅਟਾਰੀ ਇੰਚਾਰਜ ਜਸਵਿੰਦਰ ਸਿੰਘ ਰਮਦਾਸ, ਪੰਜਾਬ ਜੋਇੰਟ ਸਕੱਤਰ ਅਸ਼ੋਕ ਤਲਵਾਰ,ਪੰਜਾਬ ਜੋਇੰਟ ਸਕੱਤਰ ਵਿਜੇ ਗਿੱਲ, ਲੋਕ ਸਭਾ ਇੰਚਾਰਜ ਇਕਬਾਲ ਸਿੰਘ ਭੁੱਲਰ, ਲੋਕ ਸਭਾ ਖਡੂਰ ਸਾਹਿਬ ਬਲਜੀਤ ਸਿੰਘ ਖਹਿਰਾ ਮੰਚ 'ਤੇ ਬਿਰਾਜਮਾਨ ਸਨ।

ਬੁੱਧਵਾਰ ਨੂੰ ਅਜਨਾਲਾ ਵਿਖੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ, ''ਪੰਜਾਬ 'ਤੇ ਰਾਜ ਕਰਨ ਵਾਲੀਆਂ ਕਾਂਗਰਸ, ਅਕਾਲੀ ਦਲ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਬੀਤੇ 44 ਸਾਲਾਂ ਵਿੱਚ ਪੰਜਾਬ ਦੇ ਭਲੇ ਲਈ ਕੁੱਝ ਨਹੀਂ ਕੀਤਾ। ਹੁਣ ਇਹ ਪਾਰਟੀਆਂ ਅਗਲੇ 5 ਸਾਲਾਂ ਵਿੱਚ ਵੀ ਕੁੱਝ ਨਹੀਂ ਕਰਨਗੀਆਂ। ਇਨਾਂ ਪਾਰਟੀਆਂ ਕੋਲ ਕੋਈ ਏਜੰਡਾ ਨਹੀਂ ਅਤੇ ਨਾ ਹੀ ਕੋਈ ਵਿਕਾਸ ਦੀ ਯੋਜਨਾ। ਪਰ ਇਹ ਪਾਰਟੀਆਂ ਨਾਲ ਬੇਸ਼ਰਮੀ ਨਾਲ ਪੰਜਾਬ ਨੂੰ ਲੁੱਟਣ ਦਾ ਇੱਕ ਮੌਕਾ ਹੋਰ ਮੰਗਦੀਆਂ ਹਨ।'' ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਇੱਕੋ ਇੱਕ ਪਾਰਟੀ ਹੈ ਜਿਹੜੀ ਵਿਕਾਸ ਦੇ ਮੁੱਦਿਆਂ ਜਿਵੇਂ ਚੰਗੇ ਸਕੂਲ, ਹਸਪਤਾਲ, ਰੋਜ਼ਗਾਰ ਅਤੇ ਬੱਚਿਆਂ ਦੇ ਚੰਗੇ ਭਵਿੱਖ ਬਾਰੇ ਗੱਲ ਕਰਦੀ ਹੈ।

ਕਾਂਗਰਸ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਕਪੂਰਥਲਾ ਦੀ ਰੈਲੀ 'ਚ ਪੰਜਾਬ ਪੁਲੀਸ ਬਾਰੇ ਕੀਤੀ ਟਿੱਪਣੀ ਦੀ ਸਖ਼ਤ ਅਲੋਚਨਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਪੁਲੀਸ ਮੁਲਾਜ਼ਮ ਪੰਜਾਬ ਦੇ ਪੁੱਤ ਹਨ। ਨਵਜੋਤ ਸਿੱਧੂ ਇੱਕ ਜ਼ਿੰਮੇਵਾਰ ਆਗੂ ਹੋ ਕੇ ਪੁਲੀਸ ਅਧਿਕਾਰੀਆਂ ਦੀਆਂ ਪੈਂਟਾਂ ਗਿੱਲੀਆਂ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਪੁਲੀਸ ਮੁਲਾਜ਼ਮਾਂ ਨੂੰ ਨਿਗੂਣੀ ਤਨਖ਼ਾਹ ਅਤੇ ਭੱਤੇ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰ ਰਹੀ ਹੈ। ਮੁਲਾਜ਼ਮਾਂ ਨੂੰ ਖਾਣੇ ਲਈ ਕੇਵਲ 100 ਰੁਪਏ ਅਤੇ ਸਾਇਕਲ ਭੱਤਾ ਦੇ ਰੂਪ 'ਚ 20 ਰੁਪਏ ਦੇ ਰਹੀ ਹੈ।

ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ 'ਤੇ ਟਿੱਪਣੀ ਕਰਦਿਆਂ ਮਾਨ ਨੇ ਕਿਹਾ ਕਿ ਵੀ.ਆਈ.ਪੀ. ਸੱਭਿਆਚਾਰ ਦੇ ਚੱਲਦਿਆਂ ਪੁਲੀਸ ਮੁਲਾਜਮ ਕਾਂਗਰਸੀ ਅਤੇ ਅਕਾਲੀ ਆਗੂਆਂ ਦੀ ਸੁਰੱਖਿਆ ਕਰਨ ਵਿੱਚ ਲੱਗੇ ਹੋਏ ਹਨ, ਜਦੋਂ ਕਿ ਪੁਲੀਸ ਥਾਣੇ ਖਾਲੀ ਪਏ ਹਨ। ਸਕੂਲ ਖਾਲੀ ਪਏ ਹਨ ਕਿਉਂਕਿ ਅਧਿਆਪਕ ਸੜਕਾਂ ਅਤੇ ਮੁੱਖ ਮੰਤਰੀ ਦੇ ਘਰ ਅੱਗੇ ਧਰਨੇ ਲਾ ਕੇ ਬੈਠੇ ਹਨ।

ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ 'ਤੇ ਤਿੱਖੇ ਹਮਲੇ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਰਾਉਣ ਵਾਲੇ ਅਤੇ ਝੂਠੀ ਸਹੁੰ ਖਾਣ ਵਾਲੇ ਸਭ ਰੁਲ਼ਦੇ ਫਿਰਦੇ ਹਨ। ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੀ ਲੰਮੀ ਉਮਰ ਦੀ ਕਾਮਨਾ ਕਰਦਿਆਂ ਮਾਨ ਨੇ ਕਿਹਾ ਕਿ ਚੰਗਾ ਹੋਵੇਗਾ ਵੱਡੇ ਬਾਦਲ ਅਕਾਲੀ ਦਲ ਬਾਦਲ ਦਾ ਪਤਨ ਆਪਣੀਆਂ ਅੱਖਾਂ ਨਾਲ ਦੇਖ ਲੈਣ, ਕਿਉਂਕਿ ਬਾਦਲ ਪਰਿਵਾਰ ਕਿਸਾਨ ਵਿਰੋਧੀ ਕਾਲ਼ੇ ਕਾਨੂੰਨ ਬਣਾਉਣ 'ਚ ਮੁੱਖ ਸਾਜਿਸ਼ਕਰਤਾ ਹੈ। ਪਰ ਜਦੋਂ ਕਿਸਾਨਾਂ ਨੇ ਅੰਦੋਲਨ ਸ਼ੁਰੂ ਕੀਤਾ ਤਾਂ ਬਾਦਲਾਂ ਨੇ ਅੰਦੋਲਨ ਦੇ ਦਬਾਅ ਵਿੱਚ ਭਾਰਤੀ ਜਨਤਾ ਪਾਰਟੀ ਨਾਲੋਂ ਨਾਤਾ ਤੋੜਿਆ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਇਸ ਤਰ੍ਹਾਂ ਰੰਗ ਬਦਲਦਾ ਹੈ ਕਿ ਗਿਰਗਿਟ ਵੀ ਸ਼ਰਮਿੰਦਾ ਹੋ ਜਾਂਦੀ ਹੈ।

ਭਗਵੰਤ ਮਾਨ ਨੇ ਪੰਜਾਬ ਵਾਸੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਬੇਅਦਬੀ ਦੇ ਮਾਮਲੇ ਵਿੱਚ ਕੇਵਲ ਐਫ.ਆਈ.ਆਰ ਦਰਜ ਕਰਕੇ ਸਾਰਿਆ ਜਾ ਰਿਹਾ ਅਤੇ ਲੋਕਾਂ ਦਾ ਧਿਆਨ ਪੰਜਾਬ ਦੇ ਅਸਲ ਮੁੱਦਿਆਂ ਤੋਂ ਭਟਕਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਾਸੀਆਂ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਰਾਜ ਕਰਨ ਲਈ ਬਹੁਤ ਮੌਕੇ ਦਿੱਤੇ ਹਨ, ਪਰ ਹੁਣ ਇੱਕ ਮੌਕਾ ਆਮ ਆਦਮੀ ਪਾਰਟੀ ਨੂੰ ਜ਼ਰੂਰ ਦੇਣ ਤਾਂ ਪੰਜਾਬ ਨੂੰ ਹੱਸਦਾ ਖੇਲਦਾ ਪੰਜਾਬ ਬਣਾਇਆ ਜਾ ਸਕੇ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਜ਼ੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲ਼ੈਂਗਾ, ਅਤੇ ਕੋਈ ਵੀ ਡੀਜ਼ਾਈਨਰ ਸੂਟ ਸਵੌਣ ਲਈ ਸੰਪਰਕ ਕਰੋ:


01191-9779100149



# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਉਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# SherGill Law Firm

Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636




2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸ਼ਹੀਦੀ ਹਫ਼ਤੇ ਦੀਆਂ ਤਾਰੀਖਾਂ 'ਚ ਉਕਾਈਆਂ

–ਸਰਵਜੀਤ ਸਿੰਘ ਸੈਕਰਾਮੈਂਟੋ–

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 6 ਪੋਹ ਤੋਂ 13 ਪੋਹ ਤਾਈ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ, ਸਰਸਾ ਨਦੀ ਵਿੱਚ ਗੁਰੂ ਪਰਵਾਰ ਦਾ ਵਿਛੋੜਾ, ਚਮਕੌਰ ਦੀ ਗੜੀ ਵਿਚ ਸ਼ਾਹੀ ਫੌਜਾ ਦਾ ਗਿਣਤੀ ਦੇ 40 ਸਿੰਘਾਂ ਵੱਲੋਂ ਮੁਕਾਬਲਾ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮਾਤਾ ਗੁਜਰੀ ਜੀ ਸਮੇਤ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਦੇ ਇਤਹਾਸ ਤੋਂ ਜਾਣੂ ਕਰਵਾਉਣ ਲਈ ਬਹੁਤ ਸਾਰੇ ਸੱਜਣਾ ਵੱਲੋਂ ਲਿਖੇ ਲੇਖ ਪੜ੍ਹਨ ਨੂੰ ਮਿਲੇ ਹਨ। ਇਤਿਹਾਸਕਘਟਨਾਵਾਂ ਦੀ ਪੇਸ਼ਕਾਰੀ ਹਰ ਸੱਜਣ ਦੀ ਆਪਣੀ-ਆਪਣੀ ਹੋ ਸਕਦੀ ਹੈ। ਬਹੁਤੇ ਲੇਖ ਵੀਰ ਰਸ ਵਿਚ ਰੰਗੇ ਹੋਏ ਅਤੇ ਰੌਚਕਤਾ ਭਰਪੂਰ ਸ਼ਬਦਾਵਲੀ ਵਿੱਚ ਸਨ। ਇਕ ਲੇਖ ਵਿੱਚ ਕਰਾਮਾਤੀ ਪੱਖ ਭਾਰੂ ਸੀ। ਉਥੇ ਹੀ ਇਸ ਸ਼ਹੀਦੀ ਸਾਕੇ ਦੇ ਵਾਪਰਨ ਦੇ ਸਾਲ ਬਾਰੇ ਵੀ ਵੱਖ-ਵੱਖ ਲੇਖਕਾਂ ਦਾ ਵੱਖ-ਵੱਖ ਮੱਤ ਹੈ ਜੋ ਨਹੀਂ ਹੋਣਾ ਚਾਹੀਦਾ। ਬਹੁਤੇ ਲੇਖਕਾਂ ਨੇ ਤਾਰੀਖ ਅਤੇ ਪ੍ਰਵਿਸ਼ਟਾ, ਦੋਵੇਂ ਲਿਖੇ ਹਨ। ਕੁਝ ਸੱਜਣਾ ਨੇ ਈਸਵੀ ਸਨ ਅਤੇ ਕਿਸੇ ਨੇ ਬਿਕ੍ਰਮੀ ਸੰਮਤ ਹੀ ਲਿਖਿਆ ਹੈ। ਪਰ ਜੋ ਉਕਾਈ ਜਾਣੇ-ਅਣਜਾਏ ਵਿੱਚ ਵਿਦਵਾਨ ਸੱਜਣਾਂ ਵੱਲੋਂ ਤਾਰੀਖਾਂ ਲਿਖਣ ਵਿੱਚ ਹੋਈ ਹੈ, ਆਓ ਉਸ ਬਾਰੇ ਵਿਚਾਰ ਸਾਂਝੇ ਕਰੀਏ।



ਇਕ ਸੱਜਣ ਲਿਖਦੇ ਹਨ ਕਿ, "ਇਸ ਅਸਥਾਨ ਤੋਂ 21 ਦਸੰਬਰ (7 ਪੋਹ) ਵਾਲੇ ਦਿਨ ਮਾਤਾ ਗੁਜਰੀ ਛੋਟੇ ਸ਼ਹਿਜ਼ਾਦਿਆਂ ਨੂੰ ਲੈ ਕੇ ਗੰਗੂ ਰਸੋਈਏ ਨਾਲ ਉਹਦੇ ਪਿੰਡ ਖੇੜੀ ਚਲੇ ਗਏ।...22 ਦਸੰਬਰ (8 ਪੋਹ)ਦਾ ਦਿਨ ਸਿੱਖ ਇਤਿਹਾਸ ਵਿੱਚ ਉਹ ਗਮਗੀਨ ਦਿਨ ਵਜੋਂ ਦਰਜ ਹੈ।...ਸੋ ਅਖੀਰ 26 ਦਸੰਬਰ (12 ਪੋਹ) ਨੂੰ ਸਾਹਿਬਜ਼ਾਦਾ ਬਾਬਾਜ਼ੋਰਾਵਰਸਿੰਘ ਅਤੇ ਬਾਬਾ ਫ਼ਤਿਹਸਿੰਘ ਧਰਮ ਤੇ ਕਾਇਮ ਰਹਿੰਦੇ ਹੋਏ ਨੀਹਾਂ ਵਿੱਚ ਚਿਣੇ ਜਾਣਾ ਸਵਿਕਾਰ ਕਰ ਕੇ ਸਿੱਖੀ ਦੀਆਂ ਨੀਹਾਂ ਨੂੰ ਬੇਹੱਦ ਮਜ਼ਬੂਤ ਕਰ ਗਏ"।

ਇਕ ਹੋਰ ਸੱਜਣ ਲਿਖਦਾ ਹੈ, "ਜ਼ਾਲਮਾਂ ਨੇ ਦੋਹਾਂ ਲਾਲਾਂ ਨੂੰ 27 ਦਸੰਬਰ 1704 ਈ: ਦੇ ਦਿਨ ਕੋਹ-ਕੋਹ ਕੇ ਮਾਰ ਦਿੱਤਾ ਅਤੇ ਲਾਸ਼ਾਂ ਬਾਹਰ ਸੁੱਟ ਦਿੱਤੀਆਂ"।

ਇਕ ਸੱਜਣ ਨੇ ਸਿਰਫ ਬਿਕ੍ਰਮੀ ਸੰਮਤ ਦਾ ਹੀ ਹਵਾਲਾ ਦਿੱਤਾ ਹੈ, "ਬਿਕ੍ਰਮੀ 1761 ਦੇ ਪੋਹ ਮਹੀਨੇ ਨੇ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਰੂਹ ਵਿੱਚ ਇਕ ਵਿਲੱਖਣ ਤਬਦੀਲੀ ਲਿਆਂਦੀ ਜੋ ਸਰਸਰੀ ਨਿਗ੍ਹਾ ਮਾਰਿਆ ਨਹੀਂ ਸਗੋਂ ਆਪਣੇ ਆਪ ਨੂੰ ਗੁਰੂ ਵਿੱਚ ਅਭੇਦ ਹੋ ਕੇ ਹੀ ਵੇਖੀ ਜਾ ਸਕਦੀ ਹੈ"।

ਇਕ ਲੇਖਕ ਲਿਖਦਾ ਹੈ, "ਆਖਿਰ ਦੁਸ਼ਮਣ ਹਾਕਮਾਂ ਵੱਲੋਂ ਕਸਮਾਂ ਖਾਣ 'ਤੇ ਗੁਰੂ ਜੀ ਨੇ ਆਪਣੇ ਪਰਵਾਰ ਅਤੇ ਬਾਕੀ ਸਿੰਘਾਂ ਸਮੇਤ 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਛੱਡਣ ਉਪਰੰਤ ਰੋਪੜ ਵੱਲ ਨੂੰ ਚਾਲੇ ਪਾ ਦਿੱਤੇ। ਪਰ ਦੁਸ਼ਮਣ ਕਸਮਾਂ ਤੋੜ ਕੇ ਪਿੱਛੋਂ ਹਮਲਾਵਰ ਹੋ ਗਏ। ਰਸਤੇ ਵਿਚ ਪੈਂਦੀ ਹੜ੍ਹ ਨਾਲ ਨੱਕੋਂ ਨੱਕ ਭਰੀ ਸਰਸਾ ਨਦੀ ਦੇ ਕੰਢੇ ਉੱਤੇ 20 ਦਸੰਬਰ 1704 ਦੀ ਰਾਤ ਨੂੰ ਘਮਸਾਨ ਦੇ ਹੋਏ ਯੁੱਧ ਵਿਚ ਕਈ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ"... ਗੁਰੂ ਜੀ 40 ਸਿੰਘਾਂ ਸਮੇਤ 21 ਦਸੰਬਰ ਦੀ ਸ਼ਾਮ ਨੂੰ ਚਮਕੌਰ ਸਾਹਿਬ ਪੁੱਜ ਗਏ"।

ਇਕ ਹੋਰ ਲਿਖਤ ਵੇਖੋ, "ਮਿਤੀ 22 ਦਸੰਬਰ 1704 ਨੂੰ ਚਮਕੌਰ ਵਿਖੇ ਅਨੋਖਾ ਯੁੱਧ ਸ਼ੁਰੂ ਹੋਇਆ। ਸ਼ਾਹੀ ਫੌਜ 'ਚ ਘਿਰੇ ਦਸਮੇਸ਼ ਗੁਰੂ ਜੀ ਤੇ ਸਿੰਘਾਂ ਨੇ ਹੌਸਲਾ ਨਹੀਂ ਹਾਰਿਆ"। ਉਨ੍ਹਾਂ ਨੂੰ ਮੌਤ ਦਾ ਫਿਕਰ ਨਹੀਂ ਸੀ, ਸਗੋਂ ਧਰਮ ਲਈ ਜੁਲਮ ਵਿਰੁੱਧ ਜੂਝਦਿਆਂ ਸ਼ਹਾਦਤ ਪਾਉਣ ਦੀ ਚਾਹ ਸੀ"।

ਇਕ ਇਤਿਹਾਸਕਾਰ ਲਿਖਦਾ ਹੈ "ਨਿੱਕੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਧੁੰਮਾ ਤੇ ਦਰਬਾਰੀ (ਸਹੇੜੀ ਪਿੰਡ ਦੇ ਦੋ ਮਸੰਦਾਂ) ਨੇ ਮੋਰਿੰਡਾ ਪੋਲੀਸ ਨੂੰ ਇਤਲਾਹ ਦੇ ਕੇ 8 ਦਸੰਬਰ 1705 ਦੇ ਦਿਨ ਗ੍ਰਿਫਤਾਰ ਕਰਵਾ ਦਿੱਤਾ ਸੀ। ਉਹ ਰਾਤ ਉਹ ਮੋਰਿੰਡਾ ਕੋਤਵਾਲੀ ਵਿਚ ਕੈਦ ਰੱਖੇ ਗਏ ਸਨ।... 12 ਦਸੰਬਰ 1705 ਦੇ ਦਿਨ ਦੋਹਾਂ ਬੱਚਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ" ।

ਇਕ ਹੋਰ ਸੱਜਣ ਵੱਲੋਂ ਲਿਖੀ ਗਈ ਤਾਰੀਖ, "ਚਮਕੌਰ ਸਾਹਿਬ ਦੀ ਧਰਤੀ 'ਤੇ 6,7,8 ਪੋਹ 1704 ਦੇ ਯਖ਼ ਠੰਡੇ ਦਿਨਾਂ ਵਿੱਚ ਲੜੀ ਭਿਆਨਕ ਅਤੇ ਅਸਾਵੀਂ ਜੰਗ ਦੀ ਉਦਾਹਰਣ ਸੰਸਾਰ ਵਿੱਚ ਹੋਰ ਕਿਧਰੇ ਨਹੀਂ ਮਿਲਦੀ"

ਵੱਖ-ਵੱਖ ਸੱਜਣਾਂ ਦੀਆਂ ਲਿਖਤਾਂ ਪੜ੍ਹਨ ਤੇ ਪਤਾ ਲਗਦਾ ਹੈ ਕਿ ਕੁਝ ਸੱਜਣਾਂ ਨੇ ਇਸ ਇਤਿਹਾਸ ਸਾਕੇ ਦਾ ਸਾਲ 1704 ਈ: ਲਿਖਿਆ ਹੈ ਅਤੇ ਕਿਸੇ 1705 ਈ:। ਇਕ ਸੱਜਣ ਨੇ ਸੰਮਤ 1761 ਬਿਕ੍ਰਮੀ ਵੀ ਲਿਖਿਆ ਹੈ। ਆਓ ਪਹਿਲਾਸਾਲਬਾਰੇ ਹੀ ਵਿਚਾਰ ਕਰੀਏ;

ਗੁਰੂ ਕਾਲ ਵੇਲੇ ਆਪਣੇ ਦੇਸ਼ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਪ੍ਰਚੱਲਤ ਸੀ। ਇਹ ਹੀ ਕਾਰਨ ਹੈ ਕਿ ਕੁਝ ਤਾਰੀਖਾਂ ਵਦੀ-ਸੁਦੀ ਵਿੱਚ ਲਿਖੀਆਂ ਮਿਲਦੀਆਂ ਹਨ ਅਤੇ ਕੁਝ ਪ੍ਰਵਿਸ਼ਟਿਆਂ ਵਿੱਚ। ਜਦੋਂ ਅੰਗਰੇਜਾਂ ਨੇ ਸਾਡੇ ਇਤਿਹਾਸ ਨੂੰ ਸਮਝਣ ਲਈ, ਇਨ੍ਹਾਂ ਤਾਰੀਖਾਂ ਨੂੰ ਅੰਗਰੇਜੀ ਕੈਲੰਡਰ ਵਿਚ ਤਬਦੀਲ ਕੀਤਾ ਜਾਂ ਕਰਾਇਆ ਤਾਂ 2 ਸਤੰਬਰ 1752 ਈ: ਦਿਨ ਬੁਧਵਾਰ ਤੋਂ ਪਹਿਲੀਆਂ ਤਾਰੀਖਾਂ ਨੂੰ ਜੂਲੀਅਨ ਕੈਲੰਡਰ ਵਿੱਚ ਅਤੇ 14 ਸਤੰਬਰ 1752 ਈ: ਦਿਨ ਵੀਰਵਾਰ ਤੋਂ ਪਿਛੋਂ ਦੀਆਂ ਤਾਰੀਖਾਂ ਨੂੰ ਗਰੈਗੋਰੀਅਨ ਕੈਲੰਡਰ ਦੀਆਂ ਤਾਰੀਖਾਂ ਵਿੱਚ ਲਿਖਿਆ ਗਿਆ ।ਈਸਵੀ ਸਨ ਅਤੇ ਬਿਕ੍ਰਮੀ ਸੰਮਤ ਵਿੱਚ ਆਮ ਤੌਰ ਤੇ 57 ਸਾਲ ਦਾ ਫ਼ਰਕ ਮੰਨਿਆ ਜਾਂਦਾ ਹੈ। ਅਸਲ ਵਿੱਚ ਇਹ ਫ਼ਰਕ,ਬਿਕ੍ਰਮੀ ਸੰਮਤ ਦੇ ਆਰੰਭ ਤੋਂ 31 ਦਸੰਬਰ ਤਾਂਈ 57 ਸਾਲ ਅਤੇ 1 ਜਨਵਰੀ ਤੋਂ ਬਿਕ੍ਰਮੀ ਸੰਮਤ ਦੇ ਖਤਮ ਹੋਣ ਤਾਂਈ 56 ਸਾਲ ਦਾ ਹੁੰਦਾ ਹੈ। ਕਿਉਂਕਿ ਇਹ ਸ਼ਹੀਦੀ ਸਾਕਾ ਪੋਹ, ਸੰਮਤ 1761 ਬਿਕ੍ਰਮੀ ਦਾ ਹੈ ਜੋ(1761-57=1704) 1704 ਈ: ਦਾ ਬਣਦਾ ਹੈ। ਇਸ ਲਈ ਇਕ ਇਤਿਹਾਸਕ ਵੱਲੋਂ 1705 ਈ: ਲਿਖਣਾ ਸਹੀ ਨਹੀਂ ਹੈ। ਆਓ ਇਸ ਦੀ ਪੜਤਾਲ ਇਕ ਹੋਰ ਵਸੀਲੇ ਤੋਂ ਵੀ ਕਰੀਏ;

ਜ਼ਫਰਨਾਮਾ, ਜੋ ਗੁਰੂ ਸਾਹਿਬ ਹੀ ਦੀ ਹੱਥ ਲਿਖਤ ਮੰਨਿਆ ਜਾਂਦਾ ਹੈ, ਵਿੱਚ ਦਰਜ ਹੈ;

*ਚਰਾਗਿ ਜਹਾਂ ਚੂੰ ਸ਼ੁਦਹਬੁਰਕਹ ਪੋਸ਼।।*
*ਸ਼ਹੇ ਸ਼ਬ ਬਰਾਮਦ ਹਮਹਜਲਵਹ ਜੋਸ਼।।੪੨।।*

ਭਾਵ, ਜਦੋਂ ਸੰਸਾਰ ਦਾ ਦੀਪਕ (ਸੂਰਜ) ਪਰਦੇ ਵਿੱਚ ਆ ਗਿਆ ਤਦ ਰਾਤ ਦਾ ਸੁਆਮੀ (ਚੰਦਰਮਾ) ਪ੍ਰਕਾਸ਼ ਨਾਲ ਨਿਕਲ ਆਇਆ।। ਹੁਣ ਜਦੋਂ ਅਸੀਂ ਸੰਮਤ 1761 ਬਿਕ੍ਰਮੀ ਦਾ ਕੈਲੰਡਰ ਵੇਖਦੇ ਹਾਂ ਤਾ ਪਤਾ ਲਗਦਾ ਹੈ ਕਿ ਮੱਘਰ ਦੀਪੂੰਨਿਆ 1 ਪੋਹ, 30 ਨਵੰਬਰ 1704 ਈ: ਦਿਨ ਵੀਰਵਾਰ ਨੂੰ ਸੀ। 8 ਪੋਹ ਨੂੰ ਪੋਹ ਵਦੀ 7 ਸੀ। ਇਸ ਦਾ ਭਾਵ ਇਹ ਹੋਇਆ ਕਿ 8 ਪੋਹ ਦੀ ਲੱਗਭੱਗ ਅੱਧੀ ਰਾਤ ਨੂੰ ਚੰਦਰਮਾ ਚੜ੍ਹਿਆ ਸੀ। ਅੱਜ ਵੀ ਆਪਾ ਵੇਖ ਸਕਦੇ ਹਾਂ ਕਿ ਪੂੰਨਿਆ ਦੀ ਰਾਤ ਤੋਂ ਪਿਛੋਂ ਚੰਦ ਚੜਦਾ ਤਾਂ ਰਾਤ ਹੋਣ ਤੋਂ ਪਿਛੋਂ ਹੈ ਪਰ ਉਸ ਦੀ ਚਾਨਣੀ ਪੂਰੀ ਹੁੰਦੀ ਹੈ। ਹੁਣ ਜੇ 1705 ਈ: ਭਾਵ ਸੰਮਤ 1762 ਬਿਕ੍ਰਮੀ ਦੀ 8 ਪੋਹ ਵੇਖੀਏ ਤਾਂ ਇਸ ਦਿਨ ਪੋਹ ਸੁਦੀ ਦੂਜ ਸੀ। ਭਾਵ ਮੱਸਿਆ ਤੋਂ ਪਿਛੋਂ ਦੂਜਾ ਦਿਨ। ਅਕਸਰ ਅਜੇਹਾ ਹੁੰਦਾ ਹੈ ਕਿ ਸੁਦੀ ਏਕਮ ਦਾ ਚੰਦ ਤਾਂ ਵਿਖਾਈ ਹੀ ਨਹੀਂ ਦਿੰਦਾ। ਆਮ ਤੌਰ ਤੇ ਦੂਜ ਦਾ ਚੰਦ ਹੀ ਵਿਖਾਈ ਦਿੰਦਾ ਹੈ ਅਤੇ ਉਹ ਵੀ ਕੁਝ ਸਮੇਂ ਪਿਛੋਂਛਿਪ ਜਾਂਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਇਹ ਸ਼ਹੀਦੀ ਸਾਕਾ ਸੰਮਤ 1761 ਬਿਕ੍ਰਮੀ ਮੁਤਾਬਕ 1704 ਈ: ਦਾ ਹੀ ਹੈ।

ਜਿਵੇ ਕਿ ਉਪਰ ਦੱਸਿਆ ਜਾਂ ਚੁੱਕਾ ਹੈ ਕਿ ਇਹ ਤਾਰੀਖਾਂ 2 ਸਤੰਬਰ 1752 ਈ: ਤੋਂ ਪਹਿਲਾ ਦੀਆਂ ਹਨ ਇਸ ਲਈ ਜੂਲੀਅਨ ਕੈਲੰਡਰ ਦੀਆਂ ਤਾਰੀਖਾਂ ਹਨ। ਹੁਣ ਜੇ 6 ਪੋਹ ਸੰਮਤ 1761 ਬਿਕ੍ਰਮੀ (ਕਿਲਾ ਛੱਡਣ ਦੀ ਤਾਰੀਖ) ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕਰੀਏ ਤਾ ਇਹ 5 ਦਸੰਬਰ 1704 ਈ: ਬਣਦੀ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ, 7 ਦਸੰਬਰ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 13 ਪੋਹ ਨੂੰ 12 ਦਸੰਬਰ (ਜੂਲੀਅਨ)ਸੀ।

ਇਕ ਸੱਜਣ ਨੇਪ੍ਰਵਿਸ਼ਟਿਆਂ ਨਾਲ ਅੰਗਰੇਜੀ ਤਾਰੀਖਾਂ, 21 ਦਸੰਬਰ (7 ਪੋਹ),22 ਦਸੰਬਰ (8 ਪੋਹ) ਅਤੇ 26 ਦਸੰਬਰ (12 ਪੋਹ) ਲਿਖੀਆਂ ਹਨ। ਇਹ ਸੱਜਣ ਗੱਲ ਤਾਂ 1704 ਈ: ਦੀ ਕਰ ਰਿਹਾ ਹੈ ਪਰ ਪ੍ਰਵਿਸ਼ਟਿਆਂ ਨਾਲ ਅੰਗਰੇਜੀ ਤਾਰੀਖਾਂਗਰੈਗੋਰੀਅਨ ਕੈਲੰਡਰ ਦੀਆਂ ਲਿਖ ਰਿਹਾ ਹੈ। ਜਦੋਂ ਕਿ 1704 ਈ: ਦੀਆਂ ਤਾਰੀਖਾਂ ਜੂਲੀਅਨ ਕੈਲੰਡਰ ਮੁਤਾਬਕ 7 ਪੋਹ (6 ਦਸੰਬਰ) , 8 ਪੋਹ (7 ਦਸੰਬਰ) ਅਤੇ 12 ਪੋਹ (11 ਦਸੰਬਰ) ਹੋਣੀਆਂ ਚਾਹੀਦੀਆਂ ਸਨ। ਇਕ ਹੋਰ ਸੱਜਣ ਲਿਖਦਾ ਹੈ, " ਜ਼ਾਲਮਾਂ ਨੇ ਦੋਹਾਂ ਲਾਲਾਂ ਨੂੰ 27 ਦਸੰਬਰ 1704 ਈ: ਦੇ ਦਿਨ ਕੋਹ-ਕੋਹ ਕੇ ਮਾਰ ਦਿੱਤਾ ਅਤੇ ਲਾਸ਼ਾਂ ਬਾਹਰ ਸੁੱਟ ਦਿੱਤੀਆਂ" । ਇਹ ਸੱਜਣ ਇਥੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜਿਕਰ ਕਰ ਰਿਹਾ ਹੈ। ਇਸ ਨੇ ਵੀ, ਅੱਜ ਦਾ ਕੈਲੰਡਰ/ ਜੰਤਰੀ ਵੇਖ ਕੇ ਹੀ 13 ਪੋਹ ਨੂੰ 27 ਦਸੰਬਰ ਲਿਖ ਦਿੱਤਾ, ਜਦੋਂ ਕਿ ਇਹ 13 ਪੋਹ ਮੁਤਾਬਕ 12 ਦਸੰਬਰ (ਜੂਲੀਅਨ) ਬਣਦੀ ਹੈ। ਇਕ ਲੇਖਕ ਲਿਖਦਾ ਹੈ, "ਗੁਰੂ ਜੀ ਨੇ ਆਪਣੇ ਪਰਵਾਰ ਅਤੇ ਬਾਕੀ ਸਿੰਘਾਂ ਸਮੇਤ 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਛੱਡਣ ਉਪਰੰਤ ਰੋਪੜ ਵੱਲ ਨੂੰ ਚਾਲੇ ਪਾ ਦਿੱਤੇ"। ਇਸ ਨੇ ਵੀ ਸਾਲ 1704 ਈ: ਲਿਖਿਆ ਜੋ ਕਿ ਸਹੀ ਹੈ ਪਰ ਤਾਰੀਖ ਗਲਤ ਲਿਖੀ ਹੈ। "ਮਿਤੀ 22 ਦਸੰਬਰ 1704 ਨੂੰ ਚਮਕੌਰ ਵਿਖੇ ਅਨੋਖਾ ਯੁੱਧ ਸ਼ੁਰੂ ਹੋਇਆ", ਲਿਖਣ ਵਾਲੇ ਨਹੀਂ ਪਤਾ ਕਿ 22 ਦਸੰਬਰ 1704 ਨੂੰ 8 ਪੋਹ ਨਹੀਂ ਸਗੋਂ 23 ਪੋਹ ਸੀ। ਇਕ ਹੋਰ ਤਾਰੀਖ ਵੇਖੋ, "12 ਦਸੰਬਰ 1705 ਦੇ ਦਿਨ ਦੋਹਾਂ ਬੱਚਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ" । ਇਥੇ ਸਾਲ (1705 ਈ:) ਗਲਤ ਹੈ ਪਰ ਤਾਰੀਖ 12 ਦਸੰਬਰ ਠੀਕ ਹੈ। "ਚਮਕੌਰ ਸਾਹਿਬ ਦੀ ਧਰਤੀ 'ਤੇ 6,7,8 ਪੋਹ 1704" ਲਿਖਣ ਵਾਲੇ ਸੱਜਣ ਨੇ ਪ੍ਰਵਿਸ਼ਟੇ (6,7,8 ਪੋਹ) ਤਾਂ ਸਹੀ ਲਿਖੇ ਹਨ ਪਰ ਨਾਲ ਸੰਮਤ 1761 ਬਿਕ੍ਰਮੀ ਲਿਖਣ ਦੀ ਬਿਜਾਏ, 1704 ਈ: ਲਿਖ ਦਿੱਤਾ ਹੈ।


ਜਿਵੇਂ ਇਸ ਸ਼ਹੀਦੀ ਹਫ਼ਤੇ ਦੀਆਂ ਘਟਨਾਵਾਂ ਦੀਆਂ ਵੱਖ-ਵੱਖ ਤਾਰੀਖਾਂ ਮਿਲਦੀਆਂ ਹਨ, ਇਸੇ ਤਰ੍ਹਾਂ ਹੀ ਬਾਕੀ ਸਾਰੀਆਂ ਤਾਰੀਖਾਂ ਦੀ ਸਮੱਸਿਆ ਹੈ। ਖਾਸ ਤੌਰ ਤੇ ਜਦੋਂ ਵਦੀ-ਸੁਦੀ ਨੂੰ ਅੰਗਰੇਜੀ ਤਾਰੀਖਾਂ ਵਿਚ ਲਿਖਿਆਂ ਜਾਂਦਾ ਹੈ।ਇਸ ਦਾ ਕਾਰਨ ਇਹ ਹੈ ਕਿ ਬਹੁਤੇ ਲੇਖਕ ਆਪ ਤਾਰੀਖਾਂ ਦੀ ਅਦਲਾ-ਬਦਲੀ ਕਰਨੀ ਨਹੀਂ ਜਾਣਦੇ। ਜੋ ਕਿਸੇ ਨੇ ਲਿਖ ਦਿੱਤਾ ਉਸ ਨੂੰ ਸਹੀ ਮੰਨ ਕੇ ਅੱਗੇ ਤੋਂ ਅੱਗੇ ਲਿਖੀ ਜਾ ਰਹੇ ਹਨ। ਵਿਦਵਾਨ ਸੱਜਣਾਂ ਨੂੰ ਬੇਨਤੀ ਹੈ ਕਿ ਜੇ 8 ਪੋਹ ਅਤੇ 13 ਪੋਹ ਨੂੰ ਤਾਰੀਖ ਵਿਚ ਲਿਖਣਾ ਹੈ ਤਾਂ 1704 ਈ: ਦੀ ਸਹੀ ਤਾਰੀਖ, ਜੋ ਕਿ ਜੂਲੀਅਨ ਕੈਲੰਡਰ ਦੀ ਹੋਵੇਗੀ ਦਾ ਪਤਾ ਹੋਣਾ ਜਰੂਰੀ ਹੈ। ਅੱਜ ਸਾਡੇ ਪਾਸ ਬਹੁਤ ਸਾਧਨ ਹਨ, ਜਿਨ੍ਹਾਂਦੀ ਵਰਤੋਂ ਕਰਕੇ ਸਹੀ ਤਾਰੀਖ ਦਾ ਪਤਾ ਕੀਤਾ ਜਾ ਸਕਦਾ ਹੈ।ਆਸ ਕਰਦੇ ਹਾਂ ਕਿਅੱਗੇ ਤੋਂ ਵਿਦਵਾਨ ਸੱਜਣ ਇਸ ਨੁਕਤੇ ਵੱਲਵੀ ਧਿਆਨ ਦੇਣਗੇ।

# ਜਦੋ ਬੱਚੇ ਨੀਹਾਂ ਵਿੱਚ ਖਲਿਆਰ ਦਿੱਤੇ, ਸਾਊ ਮੁਗਲ ਪਠਾਣੀਆਂ ਰੋ ਪਈਆਂ

ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਾਤਾ ਪਿਤਾ ਅਤੇ ਚਾਰੇ ਸਾਹਿਬਜ਼ਾਦਿਆਂ ਨੂੰ ਸਿੱਖ ਧਰਮ ਤੋਂ ਕੁਰਬਾਨ ਕਰਕੇ ਸਿੱਖੀ ਦਾ ਬੀਜ ਬੀਜਿਆ। ਉਹਨਾਂ ਦਾ ਆਪਣਾ ਸਾਰਾ ਜੀਵਨ ਸਿੱਖ ਧਰਮ ਲਈ ਹੀ ਨਹੀਂ, ਸਗੋਂ ਸਮੁੱਚੀ ਲੋਕਾਈ ਦੀ ਭਲਾਈ ਲਈ ਦੁੱਖ ਤਕਲੀਫਾਂ ਅਤੇ ਵੱਡੀਆਂ ਘਟਨਾਵਾਂ ਸੁਹਿਦਿਆਂ ਹੋਇਆ ਗੁਜ਼ਰਿਆ। ਪੂਰੀ ਦੁਨੀਆ ਦੇ ਵਿੱਚ ਸਭ ਤੋਂ ਦਿਲ ਕੰਬਾਊ ਘਟਨਾ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਦੀ ਹੈ। ਸੁਹਾਦਤ ਸਮੇਂ ਜ਼ੋਰਾਵਰ ਸਿੰਘ ਦੀ ਉਮਰ 7 ਸਾਲ 11 ਮਹੀਨੇ 8 ਦਿਨ ਦੀ ਸੀ ਤੇ ਫਤਹਿ ਸਿੰਘ ਦੀ ਉਮਰ 5 ਸਾਲ 10 ਮਹੀਨੇ 10 ਦਿਨ ਦੀ ਸੀ।ਛੋਟੇ ਸਾਹਿਬਜ਼ਾਦਿਆਂ ਦੀ ਸੁਹਾਦਤ ਨੇ ਸਿੱਖ ਇਤਿਹਾਸ ਵਿੱਚ ਨਵੀਂ ਦਿਸ਼ਾ ਪ੍ਰਦਾਨ ਕਰਕੇ ਮੁਗਲ ਹਕੂਮਤ ਦੀਆਂ ਜੜਾਂ ਉਖਾੜ ਦਿੱਤੀਆਂ। ਆਉ ਆਪਾਂ ਵੀ ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਦੀ ਇਤਿਹਾਸ ਦੇ ਪੰਨਿਆਂ ਤੇ ਸੰਖੇਪ ਸ਼ਬਦਾਂ ਵਿੱਚ ਨਿਗ੍ਹਾ ਮਾਰੀਏ . ਪੋਹ ਦਾ ਮਹੀਨਾਂ ਸਮੁੱਚੀ ਦੁਨੀਆ ਲਈ ਕਿਉਂ ਦੁੱਖਾਂ ਭਰਿਆ ਹੁੰਦਾ ਹੈ। 21 ਦਸੰਬਰ ਸੰਨ 1704, ਛੇ ਪੋਹ ਦੇ ਗੂੜੇ ਸਿਆਲ ਵਿੱਚ ਗੁਰੂ ਜੀ ਆਨੰਦਪੁਰ ਦਾ ਕਿਲਾ ਛੱਡਿਆ, ਤਾਂ ਮੁਗਲਾਂ ਨੇ ਸਾਰੀਆਂ ਸੁਰਤਾਂ ਤੋੜਕੇ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ।

ਉਸ ਸਮੇਂ ਗੁਰੂ ਸਾਹਿਬ ਨਾਲ ਸਿੰਘ ਬਹੁਤ ਘੱਟ ਸਨ। ਸਰਸਾ ਨਦੀ ਦੇ ਕੰਢੇ ਮੀਂਹ ਤੇ ਹਨੇਰੀ ਵਿੱਚ ਘਮਸਾਨ ਦਾ ਰਣ ਮੱਚਿਆ। ਸਵੇਰੇ ਤੱਕ ਇਹ ਜਿਹੀ ਕਟਾ ਵੱਢੀ ਹੋਈ ਕਿ ਜਿਸ ਨੂੰ ਦੇਖ ਕੇ ਹਰ ਕਿਸੇ ਦਾ ਦਿਲ ਕੰਬ ਉਠਦਾ ਹੈ। ਗੁਰੂ ਸਾਹਿਬ ਜੀ ਦੁਆਰਾ ਅੰਮ੍ਰਿਤ ਵੇਲੇ ਦੇ ਦੀਵਾਨ ਸਰਸਾ ਨਦੀ ਦੇ ਕੰਢੇ ਰੋਜਾਨਾਂ ਦੀ ਤਰ੍ਹਾਂ ਲੱਗੇ ਅਤੇ ਤੋਪਾਂ ਦੀ ਘਨਘੋਰ ਅਵਾਜ਼ ਅਤੇ ਤੀਰਾਂ ਦੀ ਬੁਛਾੜ ਹੋਣ ਦੇ ਬਾਵਜੂਦ ਵਾਹਿਗੁਰੂ ਦੀਆਂ ਸਿਫ਼ਤਾਂ ਭਰਿਆ ਕੀਰਤਨ ਹੋਇਆ। ਰਾਤ ਦੀ ਹਫੜਾ ਦਫੜੀ ਵਿੱਚ ਗੁਰੂ ਜੀ ਦਾ ਸਾਰਾ ਸਾਮਾਨ ਜਿਸ ਵਿੱਚ ਗੁਰੂ ਸਾਹਿਬ ਦੀਆਂ ਕੀਮਤੀ ਲਿਖਤਾ ਅਤੇ ਵੱਡਮੁੱਲਾ ਸਾਹਿਤ ਸਰਸਾ ਨਦੀ ਦੇ ਚੜ੍ਹ ਜਾਣ ਕਾਰਨ ਭੇਟ ਹੋ ਗਿਆ। 22 ਦਸੰਬਰ ਸੱਤ ਪੋਹ ਦੀ ਕਾਲੀ ਬੋਲੀ ਰਾਤ ਨੂੰ ਗੁਰੂ ਜੀ ਦਾ ਪਰਿਵਾਰ ਵੀ ਵਿਛੜ ਗਿਆ ਵੱਡੇ ਸਾਹਿਬਜ਼ਾਦੇ ਅਤੇ ਆਪ ਚਮਕੌਰ ਦੀ ਗੜੀ ਜਾ ਪੁੱਜੇ। ਗੁਰੂ ਸਾਹਿਬ ਨਾਲੋਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਵਿਛੜ ਗਏ।

ਦੂਜੇ ਪਾਸੇ 23 ਦਸੰਬਰ 8 ਪੋਹ ਵੱਡੇ ਸਾਹਿਬਜ਼ਾਦੇ ਚਮਕੌਰ ਦੇ ਜੰਗ ਵਿੱਚ ਸੁਹੀਦ ਹੋ ਗਏ। 24 ਦਸੰਬਰ 9 ਪੋਹ ਨੂੰ ਸਿੰਘ ਵੀ ਚਮਕੌਰ ਗੜ੍ਹੀ ਵਿੱਚ ਮੁਗਲਾਂ ਨਾਲ ਲੜਦੇ ਸੁਹੀਦੀਆਂ ਪਾ ਗਏ। ਇੱਧਰ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਮਿਲ ਗਿਆ ਜੋ ਗੁਰੂ ਸਾਹਿਬ ਜੀ ਦੇ ਲੰਗਰ ਵਿੱਚ ਰਸੋਈਆ ਸੀ ਉਸ ਨੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ .ਉਸ ਸਮੇ ਮਾਤਾ ਜੀ ਦੇ ਕੋਲ ਕੁੱਝ ਸੋਨੇ ਦੀਆਂ ਮੋਹਰਾਂ ਅਤੇ ਪੈਸੇ ਸਨ। ਸੋਨੇ ਦੀਆਂ ਮੋਹਰਾਂ ਦੇਖ ਕੇ ਮਨ ਬੇਈਮਾਨ ਹੋ ਗਿਆ ਤੇ ਉਹ ਆਪਣੀ ਮਾਂ ਦੇ ਨਾਲ ਸੋਨੇ ਦੀਆਂ ਮੋਹਰਾਂ ਚੁਕਣ ਲਈ ਸਲਾਹ ਕਰਦਾ ਹੈ ਪਰ ਉਸ ਦੀ ਮਾਂ ਚੋਰੀ ਕਰਨ ਤੋਂ ਰੋਕਦੀ ਹੈ।ਪਰਫਿਰ




ਵੀ ਗੰਗੂ ਰਸੋਈਏ ਨੇ ਗੁਰੂ ਘਰ ਦਾ ਨਮਕ ਖਾ ਕੇ ਲਾਲਚ ਦੇ ਬਦਲੇ ਮਾਤਾ ਗੁਜਰੀ ਅਤੇ ਬਚਿਆਂ ਨੂੰ ਗ੍ਰਿਫ਼ਤਾਰ ਕਰਾਉਣ ਲਈ ਮੋਰਿੰਡੇ ਦੇ ਥਾਣੇ ਵਿੱਚ ਸੁਕਾਇਤ ਕਰ ਦਿੱਤੀ। 26, 27 ਦਸੰਬਰ 11, 12 ਪੋਹ ਨੂੰ ਸਿਪਾਹੀਆਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਫੜ੍ਹਕੇ ਵਜ਼ੀਰ ਖਾਂ ਦੀ ਕਚਿਹਰੀ ਵਿੱਚ ਪੇਸ਼ ਕੀਤਾ। ਵਜ਼ੀਰ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਵਾਸਤੇ ਬਹੁਤ ਸਾਰੇ ਲਾਲਚ ਦਿੱਤੇ ਅਤੇ ਡਰਾਇਆ, ਧਮਕਾਇਆ ਗਿਆ, ਪਰ ਗੁਰੂ ਜੀ ਦੇ ਬੱਚਿਆਂ ਨੇ ਧਰਮ ਨਹੀਂ ਬਦਲਿਆ, ਸਗੋਂ ਸੂਬੇ ਨੂੰ ਮੂੰਹ ਤੋੜ ਜਵਾਬ ਦਿੱਤਾ।ਗੁੱਸੇ ਵਿੱਚ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਨੂੰ ਠੰਢੇ ਬੁਰਜ ਵਿੱਚ ਬੰਦ ਕਰਨ ਦਾ ਹੁਕਮ ਦੇ ਦਿੱਤਾ, ਪਰ ਗੁਰੂ ਜੀ ਦੇ ਸਾਹਿਬਜ਼ਾਦੇ ਨਿਧੜਕ ਅਤੇ ਅਡੋਲ ਰਹੇ। ਉਹਨਾਂ ਨੂੰ ਦਾਦੀ ਦੁਆਰਾ ਸੁਣਾਇਆ ਗਿਆ ਨੌਵੇਂ ਗੁਰੂ ਤੇਗ ਬਹਾਦਰ ਦੀ ਸੁਹੀਦੀ ਦਾ ਇਤਿਹਾਸ ਯਾਦ ਸੀ ਅਤੇ ਉਹ ਹਰ ਜ਼ੁਲਮ ਨੂੰ ਸਹਿਣ ਲਈ ਤਿਆਰ ਸਨ। ਠੰਢੇ ਬੁਰਜ ਵਿੱਚ ਭੁੱਖਣ ਭਾਣੇ ਉਹ ਸਿਦਕੋ ਨਾ ਡੋਲੇ। ਦੂਜੇ ਦਿਨ ਸੂਬੇ ਸਰਹੰਦ ਦੀ ਕਚਹਿਰੀ ਵਿੱਚ ਬੱਚਿਆਂ ਨੂੰ ਫਿਰ ਦਰਬਾਰ ਵਿੱਚ ਧਰਮ ਕਬੂਲਣ ਲਈ ਬੁਲਾਇਆ ਗਿਆ। ਮਾਤਾ ਗੁਜਰੀ ਠੰਢੇ ਬੁਰਜ ਵਿੱਚ ਬੈਠੇ ਹੋਏ ਬੱਚਿਆਂ ਨੂੰ ਗੁਰੂ ਤੇਗ ਬਹਾਦਰ ਦੀ ਸੁਹੀਦੀ ਅਤੇ ਸਿੱਖਾਂ ਦੇ ਬੰਦ-ਬੰਦ ਕੱਟਣ ਦੀਆਂ ਕਹਾਣੀਆਂ ਸੁਣਾ ਰਹੇ ਹਨ। ਸਿੱਖ ਧਰਮ ਵਿੱਚ ਅਦੁੱਤੀ ਸੁਖਸੀਅਤ ਵਾਲੀ ਮਾਤਾ ਗੁਜਰੀ ਦਾ ਉਪਦੇਸ਼ ਸਿਰ ਜਾਵੇ ਪਰ ਸਿੱਖੀ ਸਿਦਕ ਨਹੀਂ ਹਾਰਨਾ ਸੀ। ਮਾਤਾ ਨੇ ਕਿਹਾ, ਤੁਸੀਂ ਸੁਹੀਦਾਂ ਦੇ ਸਿਰਤਾਜ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹੋ। ਮਾਤਾ ਗੁਜਰੀ ਦੇ ਉਪਦੇਸ ਤੇ ਸਿੱਖਿਆ ਤੋਂ ਬਾਅਦ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਵਜ਼ੀਰ ਖਾਂ ਨੇ ਬਾਰਬਾਰ ਲਾਲਚ ਦੇਣ ਤੇ ਵੀ ਕਲਗੀਧਰ ਦੇ ਲਾਡਲੇ ਆਪਣੇ ਸਿੱਖੀ ਧਰਮ ਵਿੱਚ ਅਟਲ ਰਹੇ। ਦੋਵੇਂ ਸਾਹਿਬਜ਼ਾਦੇ ਸੂਬੇ ਨੂੰ ਮੂੰਹ ਤੋੜ ਜਵਾਬ ਦਿੰਦੇ ਰਹੇ .ਆਖਰ ਛੋਟੇ ਸਾਹਿਬਜ਼ਾਦੇ ਨਾ ਮੰਨੇ ਗੁੱਸੇ ਵਿੱਚ ਆਏ ਵਜ਼ੀਰ ਖਾਂ ਨੇ ਬਚਿਆਂ ਨੂੰ ਨੀਹਾਂ ਵਿੱਚ ਚਿਣਨ ਦਾ ਹੁਕਮ ਦਿੱਤਾ, ਤਾਂ ਮਲੇਰਕੋਟਲੇ ਦੇ ਨਵਾਬ ਨੇ ਹਾਂ ਦਾ ਨਾਅਰਾ ਮਾਰਦਿਆਂ ਕਿਹਾ, ਕਿ ਪਿਤਾ ਦਾ ਬਦਲਾ ਬੱਚਿਆਂ ਕੋਲੋਂ ਨਹੀਂ ਲਈਦਾ। ਇਸਲਾਮ ਧਰਮ ਵਿੱਚ ਬੱਚਿਆਂ ਨੂੰ ਮਾਰਨਾ ਕਿਤੇ ਨਹੀਂ ਲਿਖਿਆ ਹੈ, ਪਰ ਨਵਾਬ ਦੇ ਕਹਿਣ ਦੇ ਬਾਵਜੂਦ ਨੀਹਾਂ ਵਿੱਚ ਚਿਣਨ ਦਾ ਹੁਕਮ ਦੇ ਦਿੱਤਾ।" ਇਹਦੇ ਵਿੱਚ ਕੀ ਵਿਚਾਰੇ ਬਾਲਾਂ ਦਾ ਕਸੂਰ ਹੈ ਕਿਥੇ ਲਿਖਿਆ ਸੁਰ੍ਹਾਂ 'ਚ ਬੱਚਿਆਂ ਦਾ ਮਾਰਨਾ...? ਵਜ਼ੀਰ ਖਾਂ ਦੁਆਰਾ ਦੀਵਾਰ ਵਿੱਚ ਚਿਣੇ ਜਾਣ ਦੇ ਹੁਕਮ ਸੁਣ ਕੇ ਦੋਵੇਂ ਜਿੰਦਾਂ ਸਬਰ, ਸਿਰੜ ਅਤੇ ਸਿੱਖੀ ਦੀ ਪੱਕਤਾ ਵਿੱਚ ਰਹੇ ਉਹਨਾਂ ਅਕਾਲਪੁਰਖ ਦੀ ਰਜਾ ਨੂੰ ਮੰਨਦਿਆਂ ਹੋਇਆਂ 28 ਦਸੰਬਰ 13 ਪੋਹ ਨੂੰ ਸਾਹਿਬਜ਼ਾਦੇ ਨੂੰ ਨੀਹਾਂ ਵਿੱਚ ਚਿਣਕੇ ਸੁਹੀਦ ਕਰ ਦਿੱਤਾ ਗਿਆ।ਉਹ ਇਸ ਦੁਨੀਆਂ ਉੱਤੋਂ ਸਦਾ ਲਈ ਆਪਣਾ ਨਾਂ ਰੌਸ਼ਨ ਕਰਕੇ ਖਾਲਸਾ ਪੰਥ ਅਤੇ ਸਿੱਖੀ ਸਿਦਕ ਲਈ ਕੁਰਬਾਨ ਹੋ ਗਏ।ਉਸ ਵਕਤ ਦਾ ਹਾਲ ਪਿਆਰਾ ਸਿੰਘ ਨਿਰਛਲ ਨੇ ਇਉ ਬਿਆਨ ਕੀਤਾ ਹੈ:

*" ਜਦੋ ਬੱਚੇ ਨੀਹਾਂ ਵਿੱਚ*
*ਖਲਿਆਰ ਦਿੱਤੇ ,ਸਾਊ ਮੁਗਲ*
*ਪਠਾਣੀਆਂ ਰੋ ਪਈਆਂ।*
*ਪਾਏ ਵੈਣ ਕਬੂਤਰੀ ਵਿੱਚ*
*ਆਲ੍ਹਣੇ ,ਦੁਧਾਂ ਵਿੱਚ ਮਧਾਣੀਆਂ ਰੋ*
*ਪਈਆਂ ।*
*ਹਾਲੀ ਹਲ ਰੋਏ ,ਬਲਦ*
*ਪੰਜਾਲੀ ਰੋਏ ,ਹੱਥਾਂ ਵਿੱਚ*
*ਪਰਾਣੀਆਂ ਰੋ ਪਈਆਂ ।*

ਜਦੋਂ ਦਾਦੀ ਮਾਤਾ ਨੂੰ ਮਾਸੂਮ ਜਿੰਦਾ ਦੀ ਸੁਹਾਦਤ ਦਾ ਪਤਾ ਲਗਿਆ, ਤਾਂ ਮਾਤਾ ਜੀ ਨੇ ਅਕਾਲਪੁਰਖ ਨੂੰ ਯਾਦ ਕੀਤਾ ਤੇ ਸਮਾਧੀ ਵਿੱਚ ਲੀਨ ਹੋ ਕੇ ਜੋਤੀ ਜੋਤ ਸਮਾ ਗਏ।ਉਹਨਾਂ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਸੂਬਾ ਸਰਹੰਦ ਅੱਗੇ ਸੋਨੇ ਦੀਆਂ ਮੋਹਰਾਂ ਖੜਵੇ ਰੁਖ ਵਿੱਚ ਰੱਖ ਕੇ ਸਸਕਾਰ ਲਈ ਲੋੜੀਂਦੀ ਜ਼ਮੀਨ ਖਰੀਦੀ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ 29 ਦਸੰਬਰ 1704, ਨੂੰ ਇਹਨਾਂ ਤਿੰਨਾਂ ਰੱਬੀ ਰੂਹਾਂ ਦਾ ਸਸਕਾਰ ਕੀਤਾ ਗਿਆ। ਇਸੇ ਅਸਥਾਨ 'ਤੇ ਅੱਜ-ਕੱਲ੍ਹ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਬਣਿਆ ਹੋਇਆ ਹੈ। ਅਜਿਹੀ ਦਿਲ ਕਬਾਉ ਘਟਨਾ ਦੁਨੀਆ ਦੇ ਕਿਸੇ ਵੀ ਧਰਮ ਵਿੱਚ ਨਹੀਂ ਹੈ। ਇਹਨਾਂ ਦੀਆਂ ਸੁਹਾਦਤਾਂ ਦਾ ਇਤਿਹਾਸ ਸੁਨਿਹਰੀ ਪੰਨਿਆਂ ਤੇ ਸਦਾ ਲਈ ਚਮਕਦਾ ਰਹੇਗਾ।

*-ਸੂਬੇਦਾਰ*
*ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ*
*(ਫਿਰੋਜ਼ਪੁਰ)*
*7589155501*

## 'ਹੁਣ ਨਾ ਲੱਗਣ ਪਿੱਪਲੀਂ ਮਜਲਸਾਂ...'



ਰੁੱਖ਼ ਧਰਤੀ ਦਾ ਸਿੰਗਾਰ ਹੁੰਦੇ ਹਨ । ਪਿੱਪਲ ਇੱਕ ਪਵਿੱਤਰ ਅਤੇ ਮਸ਼ਹੂਰ ਦਰੱਖਤ ਹੈ । ਇਸ ਨੂੰ ਅਕਸਰ ਧਾਰਮਿਕ ਸਥਾਨਾਂ ਦੇ ਨਜ਼ਦੀਕ ਲਗਾਇਆ ਜਾਂਦਾ ਹੈ । ਪਿੱਪਲ ਦਾ ਰੁੱਖ ਇਕ ਵਿਸ਼ਾਲ , ਵੱਡਾ ਰੁੱਖ਼ ਹੁੰਦਾ ਹੈ ਅਤੇ ਦੂਰ - ਦੂਰ ਤਕ ਫੈਲਿਆ ਹੋਇਆ ਹੁੰਦਾ ਹੈ । ਕਈ ਵਾਰ ਪਿੱਪਲ ਨੂੰ ਤ੍ਰਿਵੇਣੀ ਵਿੱਚ ਵੀ ਲਗਾਉਣ ਦੀ ਪਰੰਪਰਾ ਹੈ । ਤ੍ਰਿਵੇਣੀ ਵਿੱਚ ਬਰੋਟਾ ( ਬੜ੍ਹ ) , ਨਿੰਮ ਤੇ ਪਿੱਪਲ ਦਰੱਖਤ ਸ਼ਾਮਲ ਹੁੰਦੇ ਹਨ । ਪਿੱਪਲ ਦਾ ਦਰੱਖ਼ਤ ਅਕਸਰ ਪਹਿਲੇ ਸਮਿਆਂ ਵਿੱਚ ਟੋਭਿਆਂ ਉੱਤੇ , ਧਾਰਮਿਕ ਸਥਾਨਾਂ , ਸਮਾਧਾ, ਡੇਰਿਆਂ , ਕਬਰਾਂ ਜਾਂ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਉੱਤੇ ਆਮ ਹੀ ਲਾਇਆ ਜ਼ਾਂਦਾ ਹੁੰਦਾ ਸੀ। ਇਸ ਰੁੱਖ ਦੀ ਉਮਰ ਵੀ ਬਹੁਤ ਵੱਡੀ ਹੁੰਦੀ ਹੈ । ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਪਿੱਪਲ ਦਾ ਦਰਖ਼ਤ ਦਿਨ - ਰਾਤ ਸਾਨੂੰ ਆਕਸੀਜ਼ਨ ਦਿੰਦਾ ਹੈ ਅਤੇ ਬਹੁਤ ਜਿਆਦਾ ਮਾਤਰਾ ਵਿਚ ਸਾਨੂੰ ਪ੍ਰਾਣ - ਵਾਯੂ ਆਕਸੀਜ਼ਨ ਮੁਹੱਈਆ ਕਰਾਉਂਦਾ ਹੈ । ਜੇਠ - ਹਾੜ ਦੀਆਂ ਧੁੱਪਾਂ ਵਿੱਚ ਪਿੱਪਲ ਦੀ ਮਿੱਠੀ - ਮਿੱਠੀ ਰੁਮਕਦੀ ਹਵਾ ਤੇ ਠੰਡਕ ਕਿਸੇ ਅਨੰਦ ਤੇ ਵਰਦਾਨ ਤੋਂ ਘੱਟ ਨਹੀਂ ਜਾਪਦੀ । ਇਸ ਰੁੱਖ ਤੋਂ ਕਈ ਤਰ੍ਹਾਂ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ । ਇਸ ਰੁੱਖ ਦੀ ਮਨੁੱਖਤਾ ਨੂੰ ਕਾਫ਼ੀ ਦੇਣ ਕਰਕੇ ਸ਼ਾਇਦ ਬਹੁਤੇ ਲੋਕ ਵਿਸ਼ਵਾਸ ਵਜੋਂ ਅਤੇ ਸ਼ਰਧਾ ਭਾਵਨਾ ਹਿੱਤ ਇਸ ਨੂੰ ਪੂਜਦੇ ਵੀ ਹਨ । ਇਸ ਦਰੱਖਤ ਦੇ ਪੱਤੇ ਲੰਮੀ - ਲੰਮੀ ਚੁੰਝ ਵਰਗੇ ਅਤੇ ਚਮਕਦਾਰ ਜਿਹੇ ਹੁੰਦੇ ਹਨ ।ਇਨ੍ਹਾਂ ਪੱਤਿਆਂ ਨੂੰ ਪਸ਼ੂ ਅਤੇ ਖ਼ਾਸ ਤੌਰ 'ਤੇ ਹਾਥੀ ਕਾਫੀ ਖੁਸ਼ੀ ਨਾਲ ਚਾਰੇ ਵਜੋਂ ਵਰਤਦੇ ਸਨ । ਪਿੱਪਲ ਦਾ ਦਰੱਖਤ ਪੰਛੀ -ਪਰਿੰਦਿਆਂ ਦੇ ਲਈ ਇੱਕ ਵੱਡੇ ਰੈਣ - ਬਸੇਰੇ ਦਾ ਕੰਮ ਵੀ ਕਰਦਾ ਹੈ ਅਤੇ ਰਾਹਗੀਰਾਂ ਲਈ ਵੀ ਵੱਡਾ ਆਸਰਾ ਬਣਦਾ ਹੈ । ਵਾਤਾਵਰਨ ਨੂੰ ਦਰੁਸਤ ਰੱਖਣ ਵਿੱਚ ਇਸ ਦਰੱਖਤ ਦੀ ਬਹੁਤ ਵੱਡੀ ਭੂਮਿਕਾ ਹੈ ; ਕਿਉਂਕਿ ਇਹ ਬਹੁਤ ਜ਼ਿਆਦਾ ਮਾਤਰਾ ਵਿੱਚ ਕਾਰਬਨ ਡਾਈਆਕਸਾਈਡ ਨੂੰ ਸੋਖ ਕੇ ਆਕਸੀਜਨ ਵਿੱਚ ਬਦਲ ਦਿੰਦਾ ਹੈ । ਗਹਿਰਾਈ ਤੱਕ ਇਸ ਦੀਆਂ ਜੜ੍ਹਾਂ ਬਾਰਿਸ਼ ਦੇ ਪਾਣੀ ਨੂੰ ਧਰਤੀ ਦੀ ਕੋਖ ਤੱਕ ਪਹੁੰਚਾ ਕੇ ਨਾ ਕੇਵਲ ਜਲ ਸਤਰ ਉੱਚਾ ਕਰਨ ਵਿੱਚ ਮੱਦਦ ਕਰਦੀਆਂ ਹਨ, ਬਲਕਿ ਬਹੁਤ ਹੀ ਮਜ਼ਬੂਤੀ ਦੇ ਨਾਲ ਮਿੱਟੀ ਦੇ ਕਟਾਵ ਨੂੰ ਰੋਕਦੀਆਂ ਹਨ । ਇਸ ਦੇ ਫਲ ਪੱਤੇ ਆਦਿ ਧਰਤੀ 'ਤੇ ਡਿੱਗ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ । ਫਿਰ ਫਲਾਂ ਆਦਿ ਨੂੰ ਕੀੜੇ - ਮਕੌੜੇ ਤੇ ਪੰਛੀ ਪਰਿੰਦੇ ਆਦਿ ਖਾ ਕੇ ਪ੍ਰਸਥਿਤਿਕ ਤੰਤਰ ਨੂੰ ਮਜ਼ਬੂਤ ਬਣਾਉਂਦੇ ਹਨ । ਧੂੜ , ਤਾਪਮਾਨ , ਗੈਸਾ ਦੇ ਪ੍ਰਦੂਸ਼ਣ ਅਤੇ ਹੋਰ ਉਤਸਰਜਨਾਂ ਨੂੰ ਰੋਕਣ ਲਈ ਪਿੱਪਲ ਦੇ ਦਰੱਖਤ ਦੀ ਬਹੁਤ ਵੱਡੀ ਭੂਮਿਕਾ ਹੈ । ਪਿੱਪਲ ਦੇ ਫਲ ਜਿਸ ਨੂੰ ਕਿ ਗੋਲਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ , ਇਨ੍ਹਾਂ ਗੋਲਾਂ ਨੂੰ ਜਾਨਵਰ ਅਤੇ ਪੰਛੀ ਬਹੁਤ ਖੁਸ਼ੀ ਅਤੇ ਚਾਅ ਮਲਾਰ ਨਾਲ ਖਾਂਦੇ ਹਨ ਅਤੇ ਫਿਰ ਇਹੀ ਪੰਛੀ - ਪਰਿੰਦੇ ਕੁਦਰਤੀ ਤੌਰ 'ਤੇ ਪਿੱਪਲ ਦੀ ਨਵੀਂ ਪੌਦ ਤਿਆਰ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹਨ , ਜੋ ਕੇ ਇਕ ਕੁਦਰਤੀ ਪ੍ਰਕ੍ਰਿਆ ਹੈ । ਬੁੱਧ ਧਰਮ ਵਿੱਚ ਪਿੱਪਲ ਦੇ ਦਰੱਖਤ ਨੂੰ ' ਬੋਧੀ ਰੁੱਖ ' ਆਖਿਆ ਜਾਂਦਾ ਹੈ ; ਕਿਉਂਕਿ ਮਹਾਤਮਾ ਬੁੱਧ ਜੀ ਨੂੰ ਪਿੱਪਲ ਦੇ ਦਰੱਖਤ ਹੇਠਾਂ ਗਿਆਨ ਦੀ ਪ੍ਰਾਪਤੀ ਹੋਈ ਸੀ। ਪਿਪਲ ਦੀ ਉਮਰ ਲੱਗਭੱਗ ਇੱਕ ਹਜ਼ਾਰ ਸਾਲ ਤੋਂ ਵੀ ਵੱਧ ਮੰਨੀ ਜਾਂਦੀ ਹੈ। ਕਾਫ਼ੀ ਸਮਾਂ ਪਹਿਲਾਂ ਪਿੱਪਲ ਦੇ ਦਰੱਖਤ ਦੇ ਥੱਲੇ ਸੱਥਾਂ / ਮਜਲਸਾਂ ਲੱਗਦੀਆਂ ਹੁੰਦੀਆਂ ਸਨ ਅਤੇ ਛੋਟੇ - ਵੱਡੇ , ਬਜ਼ੁਰਗ ਸਭ ਪਿੱਪਲ ਦੇ ਦਰੱਖਤ ਥੱਲੇ ਸੱਥਾਂ ਵਿੱਚ ਬੈਠ ਕੇ ਹਾਸੇ - ਠੱਠੇ , ਵਿਹਲੀਆਂ ਗੱਲਾਂ , ਮਨੋਰੰਜਨ , ਗਿਲੇ - ਸ਼ਿਕਵੇ , ਵਿਚਾਰ - ਵਟਾਂਦਰੇ , ਸੁੱਖ - ਦੁੱਖ , ਸੁੱਖਾਂ - ਸਾਦਾ ਤੇ ਮਨ ਦੀਆਂ ਭਾਵਨਾਵਾਂ ਸਾਂਝੀਆਂ ਕਰਕੇ ਉਨਾਂ ਦਾ ਆਦਾਨ - ਪ੍ਰਦਾਨ ਕਰਦੇ ਹੁੰਦੇ ਸਨ । ਇਸ ਤਰ੍ਹਾਂ ਕਰਨ ਨਾਲ ਘਰੇਲੂ ਤੇ ਭਾਈਚਾਰਕ ਸਾਂਝ ਬਣੀ ਰਹਿੰਦੀ ਸੀ ਅਤੇ ਨਵੀਆਂ - ਨਵੀਆਂ ਜੀਵਨ ਸੇਧਾਂ ਨੈਤਿਕਤਾ ਅਤੇ ਕਦਰਾਂ ਕੀਮਤਾਂ ਵੀ ਪਰਾਪਤ ਹੁੰਦਿਆਂ ਰਹਿੰਦੀਆਂ ਸਨ । ਪਿੱਪਲ ਥੱਲੇ ਲੱਗਣ ਵਾਲੀਆਂ ਮਜਲਸਾਂ ਸਾਡੀਆਂ ਮਾਨਸਿਕ ਪ੍ਰੇਸ਼ਾਨੀਆਂ ਨੂੰ ਘਟਾਉਣ ਵਿੱਚ ਵੀ ਸਹਾਇਕ ਸਿੱਧ ਹੁੰਦੀਆਂ ਸਨ । ਪਿੱਪਲ ਦੇ ਦਰੱਖਤ ਦਾ ਸਬੰਧ ਸਾਡੇ ਸੱਭਿਆਚਾਰ ਅਤੇ ਵਿਰਸੇ ਨਾਲ ਵੀ ਹੈ । ਸਾਉਣ ਮਹੀਨੇ ਕੁੜੀਆਂ ਪਿੱਪਲਾਂ ਹੇਠਾਂ ਪੀਂਘਾਂ ਪਾ ਕੇ ਤੀਆਂ ਦਾ ਤਿਉਹਾਰ ਬੜੇ ਚਾਅ ਨਾਲ ਮਨਾਉਂਦੀਆਂ ਸਨ। ਇਸ ਦਰਖਤ ਦਾ ਜਿਕਰ ਆਮ ਤੌਰ 'ਤੇ ਸਾਡੇ ਅਖਾਣਾਂ , ਲੋਕ ਗੀਤਾਂ ਅਤੇ ਲੋਕ ਸਾਹਿਤ ਵਿੱਚ ਵੀ ਮਿਲਦਾ ਹੈ :- "

*ਸੁਣ ਪਿੱਪਲਾ ਵੇ ਮੇਰੇ ਪਿੰਡ ਦਿਆ ,*
*ਪੀਂਘਾਂ ਤੇਰੇ 'ਤੇ ਪਾਈਆਂ,*
*ਦਿਨ ਤੀਆਂ ਦੇ ਆ ਗਏ ਨੇੜੇ,*
*ਉੱਠ ਪੇਕਿਆਂ ਨੂੰ ਆਈਆਂ । "*

ਸਮਾਂ ਬਦਲਣ ਦੇ ਨਾਲ - ਨਾਲ ਅੱਜ ਸਾਡੇ ਆਲੇ - ਦੁਆਲੇ ਅਤੇ ਸਮਾਜ ਵਿੱਚੋਂ ਕਈ ਚੀਜ਼ਾਂ ਘੱਟਦੀਆਂ ਜਾ ਰਹੀਆਂ ਹਨ ਅਤੇ ਇਸੇ ਪਰਿਵਰਤਨ ਸਦਕਾ ਅੱਜ ਪਿੱਪਲ ਦੇ ਦਰੱਖਤ ਵੀ ਕਿਸੇ - ਕਿਸੇ ਥਾਂ 'ਤੇ ਹੀ ਦੇਖਣ ਨੂੰ ਮਿਲਦੇ ਹਨ , ਜੋ ਕਿ ਕੇਵਲ ਪੁਰਾਣੇ ਦਰੱਖਤ ਹੀ ਹਨ । ਨਵੇਂ ਪਿੱਪਲ ਦੇ ਦਰੱਖਤ ਲਗਾਉਣ ਦੀ ਰੀਝ ਦੇਖਣ ਨੂੰ ਨਹੀਂ ਮਿਲ ਰਹੀ । ਪਿੱਪਲ ਦੇ ਦਰੱਖਤ ਅਤੇ ਥੜ੍ਹੇ ਘਟਣ ਦੇ ਨਾਲ - ਨਾਲ , ਸਮਾਜਿਕ ਪਰਿਵਰਤਨ ਆਉਣ ਸਦਕਾ , ਸਮੇਂ ਦੀ ਘਾਟ , ਆਪਸੀ ਰੁਝੇਵਿਆਂ ਅਤੇ ਨਵੀਂ - ਨਵੀਂ ਤਕਨੀਕ ਆਉਣ ਨਾਲ ਅੱਜ ਪਿੱਪਲਾਂ ਦੇ ਥੱਲੇ ਲਗਦੀਆਂ ਮਜਲਸਾਂ ਦੇਖਣ ਨੂੰ ਨਹੀਂ ਮਿਲਦੀਆਂ ।

*" ਨਾ ਲੱਗਣ ਪਿੱਪਲੀ ਮਜਲਸਾਂ ,*
*ਨਾ ਰਹੀਆਂ ਸੱਥਾਂ ਜੀ ,*
*ਹੁਣ ਆਪਣੇ ਘਰਾਂ ਤਕ ਸੀਮਿਤ ਹੋ ਗਏ,*
*ਲੋਕੀ ਲੱਖਾਂ ਜੀ। "*

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*




## ਹੁਸ਼ਿਆਰਪੁਰ ਅਦਾਲਤ 'ਚ ਬਾਦਲ ਨਹੀਂ ਹੋਏ ਪੇਸ਼

ਹੁਸ਼ਿਆਰਪੁਰ, 22 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਵੱਲੋਂ ਦੋ ਸੰਵਿਧਾਨ ਰੱਖਣ ਦੇ ਮਾਮਲੇ ਵਿੱਚ ਕੱਲ੍ਹ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁਸ਼ਿਆਰਪੁਰ ਦੀ ਅਦਾਲਤ ਵਿੱਚ ਇੱਕ ਵਾਰ ਫਿਰ ਪੇਸ਼ ਨਹੀਂ ਹੋਏ। ਉਨ੍ਹਾਂ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਅਤੇ ਐਡਵੋਕੇਟ ਹਰਜੋਤ ਕਮਲ ਸਿੰਘ ਨੇ ਉਨ੍ਹਾਂ ਦੇ ਬਿਮਾਰ ਹੋਣ ਕਾਰਨ ਅਦਾਲਤ ਵਿੱਚ ਪੇਸ਼ ਹੋਣ ਤੋਂ ਅਸਮਰੱਥਾ ਜ਼ਾਹਰ ਕੀਤੀ। ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਨੇ ਸੰਮਨ ਜਾਰੀ ਕਰ ਕੇ ਫਿਰ 18 ਜਨਵਰੀ ਨੂੰ ਪ੍ਰਕਾਸ਼ ਸਿੰਘ ਬਾਦਲ ਨੂੰ ਨਿੱਜੀ ਤੌਰ ਉੱਤੇਪੇਸ਼ ਹੋਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਵੱਡੇ ਬਾਦਲ ਦੇ ਅਦਾਲਤ ਵਿੱਚ ਪੇਸ਼ ਨਾ ਹੋਣ ਦੇ ਰੋਸ ਵਿੱਚ ਸੋਸ਼ਲਿਸਟ ਪਾਰਟੀ ਆਫ ਇੰਡੀਆ ਤੇ ਹੋਰ ਸਮਾਜਕ ਜਥੇਬੰਦੀਆਂ ਦੇ ਲੋਕਾਂ ਨੇ ਅਦਾਲਤ ਦੇ ਬਾਹਰ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਮੁਜ਼ਾਹਰਾ ਕੀਤਾ।

## ਢੁੱਡੀਕੇ ਵਿਖੇ ਹਰ ਘਰ ਦਸਤਕ ਮੁਹਿੰਮ ਤਹਿਤ ਜਾਗਰੂਕਤਾ ਵੈਨ ਨੂੰ ਦਿੱਤੀ ਹਰੀ ਝੰਡੀ

ਢੁੱਡੀਕੇ, 22 ਦਸੰਬਰ (ਪੋਸਟ ਬਿਊਰੋ): ਸਿਵਲ ਸਰਜਨ ਮੋਗਾ ਡਾ. ਹਤਿੰਦਰ ਕੌਰ ਕਲੇਰ ਦੀ ਯੋਗ ਅਗਵਾਈ ਵਿੱਚ ਸੀਨੀਅਰ ਮੈਡੀਕਲ ਅਫਸਰ ਢੁੱਡੀਕੇ ਡਾ. ਸੁਰਿੰਦਰ ਸਿੰਘ ਵੱਲੋਂ ਬਲਾਕ ਢੁੱਡੀਕੇ ਵਿੱਚ ਕੋਵਿਡ ਵੈਕਸੀਨੇਸ਼ਨ ਮੁਹਿੰਮ ਨੂੰ ਹੋਰ ਤੇਜ ਤੇ ਅਸਰਦਾਰ ਕਰਨ ਲਈ ਹਰ ਘਰ ਦਸਤਕ ਮੁਹਿੰਮ ਤਹਿਤ ਜਾਗਰੂਕਤ ਵੈਨ ਨੂੰ ਹਰੀ ਝੰਡੀ ਦੇਕੇ ਰਵਾਨਾ ਕੀਤਾ ਗਿਆ । ਇਸ ਮੌਕੇ ਡਾ. ਸਾਹਿਲ ਬਾਂਸਲ, ਡਾ. ਸਾਕਸੀ ਬਾਂਸਲ, ਡਾ. ਵਰੁਣ ਕੁਮਾਰ, ਲਖਵਿੰਦਰ ਸਿੰਘ ਬਲਾਕ ਐਜੂਕੇਟਰ, ਰਾਜ ਕੁਮਾਰ ਫਾਰਮੇਸੀ ਅਫਸਰ, ਗੁਰਮੀਤ ਸਿੰਘ ਫਾਰਮੇਸੀ ਅਫਸਰ, ਸੁਖਵਿੰਦਰ ਕੌਰ ਨਰਸਿੰਗ ਸਿਸਟਰ, ਪਰਮਜੀਤ ਸਿੰਘ ਲੈਬ ਟੈਕਨੀਸ਼ੀਅਨ, ਸੁਖਜੀਤ ਕੌਰ ਸਟਾਫ ਨਰਸ, ਅਮਨਦੀਪ ਕੌਰ ਘੁੰਮਣ, ਸਿਮਰਜੋਤ ਸਿੰਘ, ਚੰਨਪ੍ਰੀਤ ਸਿੰਘ ਹਾਜਿਰ ਸਨ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਐਮ.ਓ. ਡਾ. ਸੁਰਿੰਦਰ ਸਿੰਘ ਨੇ ਕਿਹਾ ਕਿ ਕਰੋਨਾ ਵਾਈਰਸ ਦਾ ਨਵਾਂ ਵੇਰੀਐਂਟ ਓਮੀਕ੍ਰੋਨ ਬ੍ਰਿਟੇਨ ਅਤੇ ਹੋਰ ਦੇਸ਼ਾਂ ਵਿੱਚ ਫੈਲਣ ਤੋਂ ਬਾਅਦ ਭਾਰਤ ਵਿੱਚ ਤੇਜੀ ਨਾਲ ਪੈਰ ਪਸਾਰ ਰਿਹਾ ਹੈ, ਸੋ ਕਰੋਨਾ ਤੋਂ ਬਚਾਅ ਲਈ ਹਰ ਵਿਅਕਤੀ ਲਈ ਕੋਵਿਡ ਵੈਕਸੀਨੇਸ਼ਨ ਬਹੁਤ ਜਰੂਰੀ ਹੈ । ਸੂਗਰ, ਬੀ.ਪੀ. ਅਤੇ ਹੋਰ ਕਰੋਨਿਕ ਬਿਮਾਰੀ ਵਾਲੇ ਮਰੀਜਾਂ ਨੂੰ ਕੋਵਿਡ ਵੈਕਸ਼ੀਨੇਸ਼ਨ ਪਹਿਲ ਦੇ ਆਧਾਰ ਤੇ ਲਗਵਾਉਣਾ ਜਰੂਰੀ ਹੈ ਕਿਉਂਕਿ ਉਹਨਾਂ ਦੀ ਰੋਗਾਂ ਨਾਲ ਲੜਨ ਦੀ ਸਰੀਰਿਕ ਸ਼ਕਤੀ ਪਹਿਲਾਂ ਹੀ ਘੱਟ ਹੋ ਚੁੱਕੀ ਹੁੰਦੀ ਹੈ। ਬਲਾਕ ਢੁੱਡੀਕੇ ਦੇ ਬਹੁਤ ਸਾਰੇ ਪਿੰਡ ਅਤੇ ਸਲੱਮ ਇਲਾਕੇ ਹਨ ਜਿਥੇ ਅਜੇ ਵੀ ਬਹੁਤ ਘੱਟ ਲੋਕਾਂ ਵੱਲੋਂ ਕੋਵਿਡ ਵੈਕਸੀਨ ਲਗਵਾਈ ਗਈ ਹੈ। ਸੋ ਕੋਵਿਡ ਵੈਕਸੀਨੇਸ਼ਨ ਮੁਹਿੰਮ ਨੂੰ ਹੋਰ ਤੇਜ ਕਰਨ ਲਈ ਸਿਹਤ ਵਿਭਾਗ ਪੰਜਾਬ ਵੱਲੋਂ ਜਾਗਰੂਕਤਾ ਵੈਨ ਨੂੰ ਬਲਾਕ ਦੇ ਵੱਖ ਵੱਖ ਪਿੰਡਾਂ ਅਤੇ ਸਲੱਮ ਇਲਾਕਿਆਂ ਵਿੱਚ ਵੈਕਸ਼ੀਨੇਸ਼ਨ ਟੀਮਾਂ ਸਮੇਤ ਭੇਜਿਆ ਗਿਆ ਹੈ । ਇਹਨਾਂ ਟੀਮਾਂ ਵੱਲੋਂ ਘੱਟ ਵੈਕਸੀਨੇਸ਼ਨ ਵਾਲੇ ਇਲਾਕਿਆਂ ਵਿੱਚ ਵਿਸ਼ੇਸ਼ ਕਰੋਨਾ ਵੈਕਸੀਨੇਸ਼ਨ ਕੈਂਪ ਲਗਾਏ ਜਾਣਗੇ ਅਤੇ ਆਮ ਲੋਕਾਂ ਨੂੰ ਕੋਵਿਡ ਵੈਕਸੀਨ ਲਗਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜਿਹਨਾਂ ਵਿਅਕਤੀਆਂ ਅਜੇ ਤੱਕ ਕੋਵਿਡ ਵੈਕਸੀਨ ਨਹੀਂ ਲਗਵਾਈ ਉਹ ਇਹਨਾਂ ਵਿਸ਼ੇਸ ਕੈਂਪਾਂ ਦਾ ਲਾਭ ਲੈਣ ।

## ਪੰਜਾਬ ਦੇ ਮੁੱਦਿਆਂ ਅਤੇ ਡਰੱਗ ਮਾਫੀਏ ਵਿਰੁੱਧ ਲੜਾਈ ਜਾਰੀ ਰਹੇਗੀ: ਨਵਜੋਤ ਸਿੱਧੂ



ਅੰਮ੍ਰਿਤਸਰ 22 ਦਸੰਬਰ (ਗਿਆਨ ਸਿੰਘ)-ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੰਮ੍ਰਿਤਸਰ ਹਵਾਈ ਅੱਡੇ ਤੋਂ ਦਿੱਲੀ ਲਈ ਰਵਾਨਾ ਹੋਣ ਸਮੇਂ ਫਿਰ ਕਿਹਾ ਕਿ ਉਹ ਡਰੱਗ ਮਾਫੀਆ ਖਿਲਾਫ਼ ਅਤੇ ਪੰਜਾਬ ਦੇ ਮੁੱਖ ਮੁੱਦਿਆਂ ਉੱਪਰ ਆਪਣੀ ਲੜਾਈ ਜਾਰੀ ਰੱਖਣਗੇ।

ਬਿਕਰਮ ਸਿੰਘ ਮਜੀਠੀਆ ਵਿਰੁੱਧ ਦਰਜ ਐਫ.ਆਈ.ਆਰ ਬਾਰੇ ਪੁੱਛੇ ਜਾਣ 'ਤੇ, ਉਨ੍ਹਾਂ ਮੀਡੀਆ ਨੂੰ ਕਾਨੂੰਨ ਦੀ ਪਵਿੱਤਰਤਾ ਦਾ ਸਤਿਕਾਰ ਕਰਨ ਅਤੇ ਕਾਨੂੰਨੀ ਪ੍ਰਕਿਰਿਆ ਵਿਚ ਵਿਸ਼ਵਾਸ ਰੱਖਣ ਦੀ ਬੇਨਤੀ ਕੀਤੀ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਮਜੀਠੀਆ ਦੇ ਪੱਖ ਵਿਚ ਦਿੱਤੇ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਅਤੇ ਕਿਹਾ ਕਿ ਕੈਪਟਨ ਦੀਆਂ ਕਾਰਵਾਈਆਂ ਤੋਂ ਸਾਫ਼ ਦਿਖ ਰਿਹਾ ਹੈ ਕਿ ਉਸਦੀ ਐਨ.ਡੀ.ਏ. ਸਰਕਾਰ ਨਾਲ ਮਿਲੀਭੁਗਤ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਕਾਨੂੰਨ ਅਤੇ ਵਿਵਸਥਾ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਉਹ ਮਜੀਠੀਆ ਨੂੰ ਸੁਰੱਖਿਆ ਦਿੰਦਾ ਰਿਹਾ ਹੈ।

ਅਜਿਹੀਆਂ ਗੈਰ-ਕਾਨੂੰਨੀ ਕਾਰਵਾਈਆਂ ਇਹ ਵੀ ਦਰਸਾਉਂਦੀਆਂ ਹਨ ਕਿ ਕੈਪਟਨ ਨੇ ਨਜਾਇਜ਼ ਸਿਆਸੀ ਲਾਹਾ ਲੈਣ ਲਈ ਪਵਿੱਤਰ ਗੁਟਕਾ ਸਾਹਿਬ ਹੱਥਾਂ ਵਿਚ ਚੁੱਕ ਕੇ ਪੰਜਾਬ ਵਿੱਚ ਡਰੱਗ ਮਾਫੀਆ ਨਾਲ ਲੜਨ ਦੀ ਝੂਠੀ ਸਹੁੰ ਖਾਧੀ ਸੀ।

ਉਨ੍ਹਾਂ ਨੇ ਆਮ ਆਦਮੀ ਪਾਰਟੀ ਵੱਲੋਂ ਇਸ ਐਫ.ਆਈ.ਆਰ ਨੂੰ ਸਿਆਸੀ ਸਟੰਟ ਕਹਿਣ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ 'ਆਪ' ਦਾ ਬਿਆਨ ਸ਼੍ਰੋਮਣੀ ਅਕਾਲੀ ਦਲ ਅਤੇ ਬਿਕਰਮ ਸਿੰਘ ਮਜੀਠੀਆ ਨਾਲ ਉਨ੍ਹਾਂ ਦੀ ਮਿਲੀਭੁਗਤ ਨੂੰ ਦਰਸਾਉਂਦਾ ਹੈ, ਜਿਸ ਕਰਕੇ ਅਰਵਿੰਦ ਕੇਜਰੀਵਾਲ ਨੇ ਮਾਣਹਾਨੀ ਦੇ ਕੇਸ ਵਿੱਚ ਬਿਕਰਮ ਸਿੰਘ ਮਜੀਠੀਆ ਤੋਂ ਮੁਆਫ਼ੀ (ਲਿਖਤੀ) ਮੰਗੀ ਸੀ।

ਉਨ੍ਹਾਂ ਅੱਗੇ ਕਿਹਾ ਕਿ ਇਹ ਜਾਂਚ ਦਾ ਵਿਸ਼ਾ ਹੈ ਕਿ 'ਆਪ' ਅਤੇ ਅਕਾਲੀਆਂ ਦੇ ਸਮਝੌਤੇ ਕਾਰਨ ਪੰਜਾਬ ਰੋਡਵੇਜ਼ / ਪੀ ਆਰ ਟੀ ਸੀ ਦੀਆਂ ਬੱਸਾਂ ਨੂੰ ਪੰਜਾਬ ਤੋਂ ਦਿੱਲੀ ਹਵਾਈ ਅੱਡੇ ਦੇ ਮੁਨਾਫ਼ੇ ਵਾਲੇ ਰੂਟ 'ਤੇ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ। 'ਆਪ' ਵੱਲੋਂ ਦਿੱਲੀ ਦੇ ਸਾਬਕਾ ਅਕਾਲੀ ਵਿਧਾਇਕ ਨੂੰ ਦਿੱਲੀ ਵਿੱਚ ਸ਼ਰਾਬ ਦੇ ਠੇਕੇ ਵੀ ਅਲਾਟ ਕੀਤੇ ਗਏ।

ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ, ਕੈਪਟਨ, ਐਨ.ਡੀ.ਏ ਸਰਕਾਰ ਅਤੇ ਹੋਰ ਪਾਰਟੀਆਂ ਵੱਲੋਂ ਮਜੀਠੀਆ ਨੂੰ ਸਿੱਧੇ ਤੌਰ 'ਤੇ ਲਾਭ ਪਹੁੰਚਾਉਣ ਅਤੇ ਪੰਜਾਬ ਅਤੇ ਇਸਦੇ ਦਿਨੋਂ-ਦਿਨ ਖਤਮ ਹੁੰਦੇ ਜਾ ਰਹੇ ਸੋਮਿਆਂ ਦਾ ਸ਼ੋਸ਼ਣ ਕਰਨ ਅਤੇ ਸੂਬੇ ਨੂੰ ਲੁੱਟਣ ਦੇ ਮਨਸੂਬਿਆਂ ਤਹਿਤ ਪੈਦਾ ਕੀਤੇ ਗਏ ਭੰਬਲਭੂਸੇ ਨੂੰ ਸਮਝਣ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੂਝ-ਬੂਝ ਨਾਲ ਫ਼ੈਸਲਾ ਲੈਣ ਅਤੇ ਪੰਜਾਬ ਵਿਚ ਜਿਹੜੀ ਤਬਦੀਲੀ ਉਹ ਚਾਹੁੰਦੇ ਹਨ, ਉਸ ਤਬਦੀਲੀ ਦੇ ਝੰਡਾਬਰਦਾਰ ਬਣਨ ਲਈ ਕਿਹਾ।

## ਡੀ ਜੀ ਪੀ ਦੀ ਨਿਯੁਕਤੀ ਲਈ ਯੂ ਪੀ ਐਸ ਸੀ ਦੀ ਮੀਟਿੰਗ ਰੱਦ




ਚੰਡੀਗੜ੍ਹ, 22 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ(ਡੀ ਜੀ ਪੀ) ਦੀ ਨਿਯੁਕਤੀ ਲਈ ਕੱਲ੍ਹ ਨਵੀਂ ਦਿੱਲੀ ਵਿੱਚ ਯੂਨਅਨ ਪਬਲਿਕ ਸਰਵਿਸ ਕਮਿਸ਼ਨ(ਯੂ ਪੀ ਐਸ ਸੀ) ਵੱਲੋਂ ਕੀਤੀ ਜਾਣ ਵਾਲੀ ਮੀਟਿੰਗ ਐਨ ਮੌਕੇ ਉੱਤੇ ਰੱਦ ਕਰ ਦਿੱਤੀ ਗਈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਵੱਲੋਂ 18 ਦਸੰਬਰ ਨੂੰ ਲਿਖੇ ਪੱਤਰ ਨੂੰ ਆਧਾਰ ਬਣਾ ਕੇ ਕਮਿਸ਼ਨ ਨੇ ਇਹ ਮੀਟਿੰਗ ਰੱਦ ਕੀਤੀ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਰਾਜ ਸਰਕਾਰ ਦਾ ਪੱਤਰ 20 ਦਸੰਬਰ ਨੂੰ ਮਿਲਿਆ ਹੈ, ਇਸ ਲਈ ਇਸ ਪੱਤਰ ਉੱਤੇ ਵਿਚਾਰ ਲਈ ਸਮਾਂ ਚਾਹੀਦਾ ਹੈ।

ਉਂਜ ਇਸ ਮੀਟਿੰਗ ਲਈ ਪੰਜਾਬ ਦੇ ਚੀਫ ਸੈਕਟਰੀ ਅਨਿਰੁੱਧ ਤਿਵਾੜੀ ਕੱਲ੍ਹ ਨਵੀਂ ਦਿੱਲੀ ਪਹੁੰਚ ਗਏ ਸਨ। ਇਸ ਦੇ ਬਾਅਦ ਕਮਿਸ਼ਨ ਨੇ ਹਾਲ ਦੀ ਘੜੀ ਨਵੀਂ ਤਰੀਕ ਤੈਅ ਨਹੀਂ ਕੀਤੀ। ਚਰਚਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਵਾਲਾ ਹੈ, ਇਸ ਲਈਯੂ ਪੀ ਐਸ ਸੀ ਵੱਲੋਂ ਡੀ ਜੀ ਪੀ ਦੀ ਨਿਯੁਕਤੀ ਸਬੰਧੀ ਕੋਈ ਫੈਸਲਾ ਨਹੀਂ ਲਿਆ ਜਾਂਦਾ ਤਾਂ ਚੋਣ ਕਮਿਸ਼ਨ ਵੱਲੋਂ ਇਹ ਨਿਯੁਕਤੀ ਕੀਤੀ ਜਾ ਸਕਦੀ ਹੈ। ਪੰਜਾਬ ਸਰਕਾਰ ਨੇ ਯੂ ਪੀ ਐਸ ਸੀ ਨੂੰ 1987 ਤੋਂ 1991 ਤਕ ਦੇ ਬੈਚ ਵਾਲੇ ਡੀ ਜੀ ਪੀ ਰੈਂਕ ਦੇ ਪੁਲਸ ਅਧਿਕਾਰੀਆਂ ਦੇ ਨਾਂਅ ਪੈਨਲ ਦੀ ਚੋਣ ਲਈ ਭੇਜੇ ਹੋਏ ਹਨ। ਰਾਜ ਸਰਕਾਰ ਨੇ 18 ਦਸੰਬਰ ਨੂੰ ਇੱਕ ਤਾਜ਼ਾ ਪੱਤਰ ਵਿੱਚ ਮੰਗ ਕੀਤੀ ਹੈ ਕਿ ਕਮਿਸ਼ਨ ਨੇ ਪੰਜ ਅਕਤੂਬਰ ਨੂੰ ਆਧਾਰ ਬਣਾ ਕੇ 1987 ਬੈਚ ਤੋਂ ਲੈ ਕੇ 1991 ਬੈਚ ਦੇ ਉਨ੍ਹਾਂ ਪੁਲਸ ਅਫਸਰਾਂ ਦੇ ਨਾਂਅ ਮੰਗੇ ਸਨ, ਜਿਨ੍ਹਾਂ ਦਾ ਸੇਵਾਕਾਲ ਛੇ ਮਹੀਨਿਆਂ ਦਾ ਰਹਿੰਦਾ ਹੈ। ਇਹ ਤੱਥ ਹੈ ਕਿ ਰਾਜ ਸਰਕਾਰ ਦੀ ਬੇਨਤੀ ਉੱਤੇ ਜੇ ਤੀਹ ਸਤੰਬਰ ਨੂੰ ਭੇਜੇ ਪਹਿਲੇ ਪੈਨਲ ਦੀ ਤਰੀਕ ਨੂੰ ਆਧਾਰ ਬਣਾਉਂਦੇ ਹੋਏ ਯੂ ਪੀ ਐਸ ਸੀ ਵਿਚਾਰ ਕਰਦਾ ਹੈ ਤਾਂ ਮੌਜੂਦਾ ਕਾਰਜਕਾਰੀ ਡੀ ਜੀ ਪੀ ਸਿਧਾਰਥ ਚਟੋਪਾਧਿਆਏ ਦਾ ਨਾਂਅ ਵਿਚਾਰਿਆ ਜਾ ਸਕਦਾ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਕਾਰਨ ਰਾਜਾਂ ਦੇ ਡੀ ਜੀ ਪੀ ਦੀ ਤੈਨਾਤੀ ਲਈ ਯੂ ਪੀ ਐਸ ਸੀ ਵੱਲੋਂ ਡੀ ਜੀ ਪੀ ਰੈਂਕ ਦੇ ਉਨ੍ਹਾਂ ਪੁਲਸ ਅਫਸਰਾਂ ਦੀ ਚੋਣ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਸੇਵਾਕਾਲ ਘੱਟੋ-ਘੱਟ ਛੇ ਮਹੀਨੇ ਰਹਿੰਦਾ ਹੋਵੇ ਅਤੇ ਸੂਬਾ ਸਰਕਾਰ ਉਨ੍ਹਾਂ ਨੂੰ ਦੋ ਸਾਲ ਲਈ ਡੀ ਜੀ ਪੀ ਵਜੋਂ ਤੈਨਾਤ ਕਰ ਸਕਦੀ ਹੈ।

## ਸਿਵਲ ਹਸਪਤਾਲ ਬਾਲਿਆਂਵਾਲੀ ਦੇ ਮੁਲਾਜਮਾਂ ਨੇ ਪੰਜਾਬ ਸਰਕਾਰ ਖਿਲਾਫ ਕੀਤੀ ਨਾਅਰੇਬਾਜੀ

ਬਾਲਿਆਂਵਾਲੀ, 22 ਦਸੰਬਰ (ਪੋਸਟ ਬਿਊਰੋ)- ਜੁਆਇੰਟ ਐਕਸ਼ਨ ਕਮੇਟੀ ਸਿਹਤ ਵਿਭਾਗ ਪੰਜਾਬ ਦੇ ਸੱਦੇ ਤੇ ਸੀ.ਐਚ.ਸੀ. ਬਾਲਿਆਂਵਾਲੀ ਦੇ ਸਮੂਹ



ਸਿਹਤ ਮੁਲਾਜਮਾਂ ਵੱਲੋਂ ਅੱਜ ਸਿਵਲ ਹਸਪਤਾਲ ਬਾਲਿਆਂਵਾਲੀ ਦੇ ਗੇਟ ਤੇ ਗੇਟ ਰੈਲੀ ਕੀਤੀ ਗਈ ।

ਸਮੂਹ ਮੁਲਾਜਮਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜਮਾਂ ਦੇ ਕੱਟੇ ਗਏ ਭੱਤੇ ਬਹਾਲ ਕੀਤੇ ਜਾਣ, ਪੇ ਕਮਿਸ਼ਨ ਦੀਆਂ ਤਰੁਟੀਆਂ ਦੂਰ ਕੀਤੀਆਂ ਜਾਣ, ਕੱਚੇ ਮੁਲਾਜਮ ਪੱਕੇ ਕੀਤੇ ਜਾਣ, ਪੇ ਕਮਿਸ਼ਨ ਦਾ ਬਣਦਾ ਏਰੀਅਰ ਬਹਾਲ ਕੀਤਾ ਜਾਵੇ, ਡੀਏ ਦੀਆਂ ਕਿਸ਼ਤਾਂ ਕੇਂਦਰ ਅਨੁਸਾਰ ਦਿੱਤੀਆਂ ਜਾਣ । ਇਹਨਾਂ ਮੰਗਾਂ ਦੀ ਪੂਰਤੀ ਲਈ ਸਮੂਹ ਮੁਲਾਜਮ ਜਥੇਬੰਦੀਆਂ ਨੇ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ ਤੇ ਅੱਜ ਸਿਵਲ ਹਸਪਤਾਲ ਬਾਲਿਆਂਵਾਲੀ ਦੇ ਗੇਟ ਤੇ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਗੇਟ ਰੈਲੀ ਕੀਤੀ । ਉਹਨਾਂ ਕਿਹਾ ਕਿ 23 ਦਸੰਬਰ ਨੂੰ ਐਮਰਜੈਂਸੀ ਸੇਵਾਂਵਾ ਨੂੰ ਛੱਡਕੇ ਸਮੂਹ ਮੁਲਾਜਮਾਂ ਵੱਲੋਂ ਪੂਰਨ ਤੌਰ ਤੇ ਹੜਤਾਲ ਕੀਤੀ ਜਾਵੇਗੀ ਅਤੇ 24 ਦਸੰਬਰ ਨੂੰ ਸਿਵਲ ਸਰਜਨ ਨੂੰ ਮੰਗ ਪੱਤਰ ਦਿੱਤਾ ਜਾਵੇਗਾ ।

ਅੱਜ ਦੀ ਇਸ ਗੇਟ ਰੈਲੀ ਵਿੱਚ ਮੁਲਾਜਮ ਆਗੂ ਚਰਨਜੀਤ ਸਿੰਘ ਫਾਰੀਮੇਸੀ ਅਫਸਰ, ਪਵਨ ਕੁਮਾਰ ਸਿਹਤ ਸੁਪਰਵਾਈਜਰ, ਸਾਧੂ ਰਾਮ ਸਿਹਤ ਸੁਪਰਵਾਈਜਰ, ਅਵਤਾਰ ਸਿੰਘ ਸਿਹਤ ਕਰਮੀ, ਡਾ. ਕਮਲਜੀਤ ਕੌਰ ਜੌੜਾ, ਜਗਤਾਰ ਸਿੰਘ ਬਲਾਕ ਐਜੂਕੇਟਰ, ਲਖਵਿੰਦਰ ਸਿੰਘ ਬਲਾਕ ਐਜੂਕੇਟਰ, ਪ੍ਰੈਟੀ ਸ਼ਰਮਾ ਸਿਹਤ ਕਰਮੀ ਅਤੇ ਸਤਪਾਲ ਸਿੰਘ ਦਰਜਾਚਾਰ ਨੇ ਸੰਬੋਧਨ ਕੀਤਾ ਅਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ । ਇਸ ਰੈਲੀ ਵਿੱਚ ਬੁਲਾਰਿਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜਮਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਸਮੂਹ ਮੁਲਾਜਮ ਪੰਜਾਬ ਸਰਕਾਰ ਖਿਲਾਫ ਕੋਈ ਤਕੜਾ ਐਕਸ਼ਨ ਪਲਾਨ ਕਰਨ ਲਈ ਮਜਬੂਰ ਹੋਣਗੇ, ਜਿਸ ਦੀ ਪੂਰਨ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ ।


ਕਿਡਨੀ ਕਾਂਡ ਮਾਮਲਾ

## ਦੋ ਡਾਕਟਰਾਂ ਨੂੰ 10-10 ਸਾਲ ਦੀ ਕੈਦ ਅਤੇ ਜੁਰਮਾਨਾ



ਅੰਮ੍ਰਿਤਸਰ, 22 ਦਸੰਬਰ (ਪੋਸਟ ਬਿਊਰੋ)- ਗੁਰੂ ਨਗਰੀ ਦੇ 19 ਸਾਲ ਪੁਰਾਣੇ ਕਿਡਨੀ ਕਾਂਡ ਵਿੱਚ ਦੋ ਡਾਕਟਰਾਂ ਨੂੰ 10-10 ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਡਾ. ਭੁਪਿੰਦਰ ਸਿੰਘ ਅਤੇ ਡਾ. ਭੂਸ਼ਣ ਅਗਰਵਾਲ ਨੂੰ ਕੋਰਟ ਨੇ ਜੇਲ੍ਹ ਭੇਜ ਦਿੱਤਾ ਹੈ। ਇਸ ਦੇ ਨਾਲ ਹੀ ਬਾਰ ਅਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਪ੍ਰਦੀਪ ਸੈਣੀ ਸਮੇਤ ਛੇ ਮੁਲਜ਼ਮਾਂ ਉੱਤੇ ਦੋਸ਼ ਸਾਬਤ ਨਾ ਹੋਣ ਉੱਤੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ। ਕੇਸ ਦੀ ਸੁਣਵਾਈ ਦੌਰਾਨ ਡਾ. ਪੀ ਕੇ ਸਰੀਨ, ਪੀ ਕੇ ਜੈਨ ਅਤੇ ਵਕੀਲ ਰਾਜਨ ਪੁਰੀ ਦੀ ਮੌਤ ਹੋ ਚੁੱਕੀ ਹੈ।

ਸਿਵਲ ਲਾਈਨਜ਼ ਥਾਣੇ ਦੀ ਪੁਲਸ ਨੇ ਸਾਲ 2003 ਵਿੱਚ ਉਕਤ ਮੁਲਜ਼ਮਾਂ ਖ਼ਿਲਾਫ਼ ਕਿਡਨੀ ਕਾਂਡ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਸੀ। ਇਸੇ ਕੇਸ ਵਿੱਚ ਕਈ ਲੋਕਾਂ ਦੀ ਮੌਤ ਵੀ ਹੋਈ ਸੀ। ਕੋਰਟ ਨੇ ਇਹ ਸਜ਼ਾ ਕਤਲਦਾਕੇਸਗੈਰ-ਇਰਾਦਤਨ ਹੱਤਿਆ ਵਿੱਚ ਤਬਦੀਲ ਕਰ ਕੇ ਦਿੱਤੀ ਹੈ। ਇਸ ਦੇ ਨਾਲ ਹੀ ਧੋਖੇ ਨਾਲ ਕਿਡਨੀ ਟਰਾਂਸਪਲਾਂਟ ਦੇ ਇੱਕ ਹੋਰ ਮਾਮਲੇ ਵਿੱਚ ਦੋਸ਼ੀਆਂ ਨੂੰ 5-5 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਉੱਤੇ 65-65 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਲਾਈ ਗਈ ਹੈ।ਅਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਦਰਬਾਰੀ ਲਾਲ ਦੀ ਕੋਰਟ ਨੇ ਦੋਸ਼ ਸਾਬਤ ਨਾ ਹੋਣ ਉੱਤੇ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਪ੍ਰਦੀਪ ਸੈਣੀ, ਹਰਦਿਆਲ ਮਹਿਤਾ, ਡਾ. ਜਗਦੀਸ਼ ਗਾਰਗੀ, ਗੌਰਵ ਰਾਜ, ਪੰਕਜ ਗੁਪਤਾ, ਵਿਨੋਦ ਸਣੇ ਸੱਤ ਮੁਲਜ਼ਮਾਂ ਨੂੰ ਬਰੀ ਵੀ ਕਰ ਦਿੱਤਾ ਹੈ। ਸਿਵਲ ਲਾਈਨ ਥਾਣੇ ਦੀ ਪੁਲਸ ਨੇ ਸਾਲ 2003 ਵਿੱਚ ਗ੍ਰੀਨ ਐਵੇਨਿਊ ਵਿਚਲੇ ਕੱਕੜ ਹਸਪਤਾਲ ਦੇ ਡਾ. ਭੁਪਿੰਦਰ ਸਿੰਘ, ਡਾ. ਭੂਸ਼ਣ ਅਗਰਵਾਲ, ਡਾ. ਪ੍ਰਵੀਨ ਸਰੀਨ, ਡਾ. ਪੀ ਕੇ ਜੈਨ, ਹਰਦਿਆਲ ਮਹਿਤਾ (ਮੈਨੇਜਰ), ਵਕੀਲ ਪ੍ਰਦੀਪ ਸੈਣੀ (ਲੀਗਲ ਐਡਵਾਇਜ਼ਰ), ਡਾ. ਓ ਪੀ ਮਹਾਜਨ, ਡਾ.ਜਗਦੀਸ਼ ਗਾਰਗੀ, ਗੌਰਵ ਰਾਜ, ਪੰਕਜ ਗੁਪਤਾ, ਵਿਨੋਦ ਖ਼ਿਲਾਫ਼ ਕਤਲਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਸੀ। ਇਸ ਕੇਸ ਵਿੱਚ ਕਈ ਲੋਕਾਂ ਦੀ ਕਿਡਨੀ ਟਰਾਂਸਪਲਾਂਟ ਕੀਤੀ ਗਈ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਹੋਰ ਮਾਮਲੇ ਵਿੱਚ ਡੀ ਡਵੀਜ਼ਨ ਥਾਣੇ ਦੀ ਪੁਲਸ ਨੇ ਕੱਕੜ ਹਸਪਤਾਲ ਦੇ ਉਕਤ ਡਾਕਟਰ ਭੂਸ਼ਣ ਅਗਰਵਾਲ ਅਤੇ ਡਾ. ਭੁਪਿੰਦਰ ਸਿੰਘ ਖ਼ਿਲਾਫ਼ ਧੋਖੇ ਨਾਲ ਕਿਡਨੀ ਟਰਾਂਸਪਲਾਂਟ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਸੀ। ਕੋਰਟ ਨੇ ਸਿਵਲ ਲਾਈਨ ਥਾਣੇ ਵਿੱਚ ਦਰਜ ਕੇਸ ਵਿੱਚ ਦਸ-ਦਸ ਸਾਲ ਕੈਦ ਅਤੇ 40-40 ਹਜ਼ਾਰ ਰੁਪਏ ਜੁਰਮਾਨਾ ਸੁਣਾਇਆ ਤੇ ਧੋਖੇ ਨਾਲ ਕਿਡਨੀ ਟਰਾਂਸਪਲਾਂਟ ਦੇ ਦੋਸ਼ ਵਿੱਚ 5-5 ਸਾਲ ਅਤੇ 25-25 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।






# ਡਾ.ਅਮਨੀਤ ਕੌਰ ਦੀ ਪੁਸਤਕ 'ਪਾਵਰ ਆਫ ਦ ਪਲੋਅ' ਬਰੈਂਪਟਨ ਵਿੱਚ ਰਿਲੀਜ

* ਰਿਲੀਜ ਸਮਾਰੋਹ ਵਿੱਚ ਨਾਮਵਰ ਸ਼ਖ਼ਸੀਅਤਾਂ ਹੋਈਆਂ ਸ਼ਾਮਲ



ਬਰੈਂਪਟਨ, 22 ਦਸੰਬਰ (ਜਗੀਰ ਸਿੰਘ ਕਾਹਲੋ)- ਜੀ.ਟੀ.ਏ ਦੀ ਲੋਕ ਸੇਵਕ ਸੰਸਥਾਂ "ਯੂਥ ਫਾਰ ਕਮਿਊਨਿਟੀ " ਵੱਲੋ ਸੁਰਿੰਦਰ ਮਾਵੀ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ ਦੀ ਡਾ. ਅਮਨੀਤ ਕੌਰ ਦੀ ਪੁਸਤਕ ਦਾ ਰਿਲੀਜ਼ ਸਮਾਗਮ ਬਰੈਂਪਟਨ ਦੇ ਗੋਰ ਮੀਡੋ ਕਮਿਊਨਿਟੀ ਸੈਂਟਰ ਵਿਚ ਆਯੋਜਿਤ ਕੀਤਾ ਗਿਆ। ਪੁਸਤਕ ਰੀਲੀਜ਼ ਦੇ ਨਾਲ ਇਸ ਸਮਾਗਮ ਦਾ ਉਦੇਸ਼ ਭਾਰਤ ਵਿਚਲੇ ਕਿਸਾਨ ਅੰਦੋਲਨ ਦੀ ਜਿੱਤ ਦਾ ਜਸ਼ਨ ਮਨਾਉਣਾ ਵੀ ਸ਼ਾਮਿਲ ਸੀ। ਡਾਕਟਰ ਅਮਨੀਤ ਕੌਰ ਨੇ ਇਹ ਪੁਸਤਕ ਕਿਸਾਨੀ ਅੰਦੋਲਨ ਬਾਰੇ ਲਿਖੀ ਹੈ ਤੇ ਇਸ ਨੂੰ ਸੰਸਾਰ ਭਰ ਵਿਚ ਚੰਗਾਂ ਹੁੰਗਾਰਾ ਮਿਲ ਰਿਹਾ ਹੈ।

ਸਮਾਗਮ ਦੀ ਮੇਜ਼ਬਾਨ ਤੇ ਮੰਚ ਸੰਚਾਲਿਕਾ ਐਡਵੋਕੇਟ ਨਿਮ੍ਰਤਾ ਸ਼ੇਰਗਿੱਲ ਦੇ ਸੱਦੇ ਤੇ ਪ੍ਰੋਫੈਸਰ ਜਗੀਰ ਸਿੰਘ ਕਾਹਲੋਂ ਨੇ ਇਸ ਪੁਸਤਕ ਬਾਰੇ ਜਾਣਕਾਰੀ ਦਿੰਦੇ ਕਿਹਾ ਕੀ 222 ਸਫਿਆਂ ਦੀ ਇਸ ਪੁਸਤਕ ਵਿਚ ਕਿਸਾਨੀ ਅੰਦੋਲਨ ਅਤੇ ਕਿਸਾਨ ਸ਼ਕਤੀ ਬਾਰੇ ਭਰਪੂਰ ਵਰਨਣ ਕੀਤਾ ਗਿਆ ਹੈ ।ਇਸ ਪੁਸਤਕ ਦੀ ਇਕ ਬਹੁਤ ਹੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਵਿਚ ਅੰਦੋਲਨ ਨਾਲ ਸਬੰਧਿਤ ਬਹੁਤ ਸਾਰੀਆ ਰੰਗੀਨ ਤਸਵੀਰਾਂ ਹਨ। ਬੜੀ ਮਿਹਨਤ ਨਾਲ ਲਿਖੀ ਗਈ ਇਸ ਪੁਸਤਕ ਨੂੰ ਛਾਪਣ ਵੇਲੇ ਵੀ ਇਸ ਗੱਲ ਦਾ ਖਾਸ ਧਿਆਨ ਰਖਿਆ ਗਿਆ ਹੈ ਕੀ ਛਪਾਈ ਵਧੀਆ ਪੇਪਰ ਉਪਰ ਕੀਤੀ ਗਈ ਹੈ ਜੋ ਪੁਸਤਕ ਦਾ ਇਕ ਹੋਰ ਗੁਣ ਹੈ। ਮੁੱਖ ਪੰਨੇ ਉਪਰ ਗੁਰੂ ਨਾਨਕ ਦੇਵ ਜੀ ਦੀ ਹਲ ਵਾਹੁੰਦਿਆਂ ਦੀ ਤਸਵੀਰ ਹੈ। ਇਸ ਤਰ੍ਹਾਂ ਇਹ ਪੁਸਤਕ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸੰਬਰ 2021 ਤੱਕ ਦੇ ਕਿਸਾਨੀ ਜੀਵਨ ਦੀ ਅਤੇ ਕਿਸਾਨੀ ਸੰਘਰਸ਼ਾਂ ਦੀ ਲਿਖਾਇਕ ਹੈ। ਪੰਜਾਬੀਆਂ ਤੇ ਜੋ ਇਹ ਇਲਜ਼ਾਮ ਲੱਗਦਾ ਹੈ ਕਿ ਉਹ ਸਿਰਫ ਇਤਿਹਾਸ ਸਿਰਜਦੇ ਜਰੂਰ ਹਨ ਪਰ ਸਾਂਭਦੇ ਜਾਂ ਲਿਖਦੇ ਨਹੀਂ। ਪ੍ਰੋਫੈਸਰ ਕਹਾਲੋਂ ਦਾ ਕਹਿਣਾ ਸੀ ਕੇ ਡਾਕਟਰ ਅਮਨੀਤ ਕੌਰ ਨੇ ਇਹ ਪੁਸਤਕ ਲਿਖ ਕੇ ਪੰਜਾਬੀਆਂ ਤੇ ਲੱਗਦੇ ਇਸ ਇਲਜ਼ਾਮ ਦਾ ਧੋਣਾ ਧੋ ਦਿਤਾ ਹੈ।

ਪਾਰਲੀਮੈਂਟ ਦੀ ਚੋਣ ਲੜ ਚੁਕੇ ਡਾਕਟਰ ਰਮਨਦੀਪ ਬਰਾੜ ਨੇ ਕਿਸਾਨੀ ਅੰਦੋਲਨ ਦੀ ਜਿੱਤ ਤੇ ਵਧਾਈ ਦਿੰਦੇ ਸਮੇਂ ਇਸ ਅੰਦੋਲਨ ਵਿਚ ਆਪਣੀ ਸ਼ਾਮੂਲੀਅਤ ਦਾ ਜਿਕਰ ਕੀਤਾ। ਪੰਜ ਵਾਰ ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਰਹੇ ਸਰਦਾਰ ਗੁਰਬਖਸ਼ ਸਿੰਘ ਮੱਲ੍ਹੀ ਨੇ ਪੁਸਤਕ ਨੂੰ ਪੰਜਾਬੀਆਂ ਦੀ ਪ੍ਰਾਪਤੀ ਕਰਾਰ ਦਿਤਾ। ਬਰੈਂਪਟਨ ਦੇ ਉੱਤਰੀ ਹਲਕੇ ਤੋਂ ਲਿਬਰਲ ਪਾਰਟੀ ਵਲੋਂ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਸਿਟੀ ਕਾਊਂਸਲਰ ਹਰਕੀਰਤ ਸਿੰਘ, ਕਜਰਵੇਟਿਵ ਵੱਲੋਂ ਬਰੈਂਪਟਨ ਸਾਊਥ ਦੇ ਐਮ.ਪੀ.ਪੀ ਪ੍ਰਭਮੀਤ ਸਿੰਘ ਸਰਕਾਰੀਆ, ਮਿਸੀਸਾਗਾ ਮਾਲਟਨ ਦੇ ਐਮ.ਪੀ.ਪੀ ਦੀਪਕ ਆਨੰਦ ਅਤੇ ਸਾਬਕਾ ਸਿਟੀਜ਼ਨਸ਼ਿਪ ਜੱਜ ਹੈਰੀ ਧਾਲੀਵਾਲ ਵਲੋਂ ਕਿਸੇ ਨਾ ਕਿਸੇ ਤਰੀਕੇ ਆਪਣੇ ਵਲੋਂ ਪਾਏ ਯੋਗਦਾਨ ਦਾ ਵਰਨਣ ਕੀਤਾ ਉੱਥੇ ਹੀ ਪੁਸਤਕ ਦੀ ਲੇਖਕ ਡਾ ਅਮਨੀਤ ਕੌਰ ਨੂੰ ਵਧਾਈਆਂ ਵੀ ਦਿੱਤੀਆਂ ਤੇ ਉਹਨਾਂ ਦੇ ਇਸ ਕਾਰਜ ਵਾਸਤੇ ਉਹਨਾਂ ਦੀ ਪ੍ਰਸ਼ੰਸਾ ਵੀ ਕੀਤੀ।

ਸੰਸਾਰ ਪ੍ਰਸਿੱਧ ਅਰਥਸ਼ਾਸਤਰੀ ਅਤੇ ਇਸ ਅੰਦੋਲਨ ਨਾਲ ਨੇੜਿਓ ਜੁੜੇ ਰਹੇ ਡਾ. ਸੁੱਚਾ ਸਿੰਘ ਗਿੱਲ ਹੁਰਾ ਆਪਣੇ ਸੰਬੋਧਨ ਵਿਚ ਇਸ ਅੰਦੋਲਨ ਨੂੰ ਜਿਥੇ ਇਤਿਹਾਸਕ ਕਰਾਰ ਦਿੱਤਾ ਉੱਥੇ ਨਾਲ ਇਹ ਖੁਸ਼ੀ ਵੀ ਸਾਝੀ ਕਿਤੀ ਕਿ ਲੰਮੇ ਸਮੇਂ ਪਿੱਛੋਂ ਕਿਸੇ ਅੰਦੋਲਨ ਨੇ ਸਫਲਤਾ ਹਾਸਿਲ ਕੀਤੀ ਹੈ ਅਰਥਾਤ ਇਹ ਅੰਦੋਲਨ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਿਸ ਕਰਵਾਉਣ ਵਿਚ ਤਾਂ ਸਫਲ ਹੋਇਆ ਹੀ ਹੈ ਇਸਦੇ ਨਾਲ ਹੀ ਅਨਾਜ ਦੀ ਘਟੋ ਘੱਟ ਕੀਮਤ ਮਿੱਥਨ ਅਤੇ ਇਸਨੂੰ ਕਾਨੂੰਨੀ ਦਰਜਾ ਦਵਾਉਣ ਲਈ ਇਕ ਕਮੇਟੀ ਦਾ ਗਠਨ ਕਰਵਾਉਣ ਵਿਚ ਵੀ ਸਫਲ ਹੋਇਆ ਹੈ। ਇਸ ਕਮੇਟੀ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਪੰਜ ਮੇਬਰ ਵੀ ਸ਼ਾਮਿਲ ਹੋਣਗੇ, ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜਾ ਦਿੱਤਾ ਜਾਵੇਗਾ ਤੇ ਪੰਜਾਬ ਸਰਕਾਰ ਨੇ ਹਰ ਸ਼ਹੀਦ ਦੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵੀ ਇਲਾਨ ਕੀਤਾ ਹੈ ਇਸ ਅੰਦੋਲਨ ਨੇ "ਇਨ-ਕਲਾਬ ਜ਼ਿੰਦਾਬਾਦ" ਅਤੇ "ਜੋ ਬੋਲੇ ਸੋ ਨਿਹਾਲ ਸਤਿ ਸ਼੍ਰੀ ਅਕਾਲ" ਦੇ ਨਾਹਰਿਆਂ ਦਾ ਸੁਮੇਲ ਹੀ ਨਹੀਂ ਕੀਤਾ ਸਗੋਂ ਪੰਜਾਬ, ਹਰਿਆਣਾ, ਯੂ.ਪੀ ਅਤੇ ਹਰ ਧਰਮ ਦੇ ਵਖਰੇਵੇਂ ਨੂੰ ਵੀ ਦੂਰ ਕੀਤਾ ਹੈ। ਕਿਸਾਨੀ ਅੰਦੋਲਨ ਬਾਰੇ ਬਹੁਤ ਕੁਛ ਲਿਖਿਆ ਗਿਆ ਹੈ ਤੇ ਲਿਖਿਆ ਜਾ ਰਿਹਾ ਹੈ ਗਿੱਲ ਹੋਰਾਂ ਇਸ ਗੱਲ ਤੇ ਮਾਣ ਮਹਿਸੂਸ ਕੀਤਾ ਕਿ ਡਾ. ਅਮਨੀਤ ਕੌਰ ਨੇ ਇਸ ਪੁਸਤਕ ਸੰਬੰਧੀ ਲੰਮੇ ਵਿਚਾਰ ਵਟਾਂਦਰੇ ਉਹਨਾਂ ਨਾਲ ਕੀਤੇ ਹਨ। ਹੋਰ ਬੁਲਾਰਿਆਂ ਵਿੱਚ ਹਾਕੀ ਕੋਚ ਬੱਬੂ ਅਤੇ ਸਾਬਕਾ ਹਾਕੀ ਕੋਚ ਸ਼ਰਨਪਾਲ ਸਿੰਘ ਸੰਘੇੜਾ ਸ਼ਾਮਿਲ ਸਨ।

ਹਾਲ ਦੀ ਪ੍ਰਵਾਨਤ ਸਮਰੱਥਾ ਅਨੁਸਾਰ ਹਾਲ ਭਰਿਆ ਹੋਇਆ ਸੀ। ਹਾਜ਼ਰੀਨ ਵਿੱਚ ਸਤਪਾਲ ਸਿੰਘ ਜੌਹਲ ,ਰਜਿੰਦਰ ਸੈਣੀ ,ਹਰਜੀਤ ਗਿੱਲ ,ਹਰਿੰਦਰ ਸੋਮਲ, ਜੋਗਿੰਦਰ ਸਿੰਘ ਤੂਰ, ਪਾਲ ਬਡਵਾਲ ,ਇੰਦਰ ਮਾਵੀ ,ਹਰਪ੍ਰੀਤ ਰੱਖੜਾ ,ਸੁਖ ਜਟਾਣਾ ,ਲਲਿਤ ਬੱਤਰਾ ,ਅਵਤਾਰ ਬਰਾੜ ,ਨਵਤੇਜ ਸਿੰਘ, ਹੁਨਰ ਕਾਹਲੋਂ ,ਸਤਬੀਰ ਬਰਾੜ, ਜਸਵੰਤ ਦਿਓ, ਸਰਬਜੀਤ ਕੌਰ ਕਾਹਲੋਂ , ਪਰਮਜੀਤ ਸਿੰਘ ਕਾਹਲੋਂ, ਅਮਨ ਸ਼ਰਮਾ, ਜੈਹਰਸ਼ ਬਰਾੜ, ਜਗਦੇਵ ਮਣਕੂ, ਦਿਲੀਪ ਮੁਲਤਾਨੀ ਵਿਸ਼ੇਸ਼ ਤੌਰ ਤੇ ਹਾਜਿਰ ਹੋਏ।

ਇਹ ਸਮਾਗਮ ਵਾਕਿਆ ਹੀ ਇਸ ਪੁਸਤਕ ਦੇ ਹਾਣ ਦਾ ਹੋ ਨਿਬੜਿਆ। ਜਿਸ ਵਾਸਤੇ ਯੂਥ ਫਾਰ ਕਮਿਊਨਿਟੀ ਸੰਸਥਾ ਅਤੇ ਇਸਦੇ ਸੰਚਾਲਕ ਸੁਰਿੰਦਰ ਮਾਵੀ ਵਧਾਈ ਦੇ ਪਾਤਰ ਹਨ। ਨਿਮਰਤਾ ਸ਼ੇਰਗਿੱਲ ਦਾ ਮੰਚ ਸੰਚਾਲਨ ਵੀ ਯਾਦਗਾਰੀ ਹੋ ਨਿਬੜਿਆ।

## ਤਾਲਿਬਾਨ ਨੇ ਪਾਕਿਸਤਾਨ ਨਾਲ ਲੱਗਦੀ ਡੂਰੰਡ ਲਾਈਨ ਉੱਤੇ ਲੱਗੀਆਂ ਕੰਡਿਆਲੀਆਂ ਤਾਰਾਂ ਹਟਾਈਆਂ

* ਪਾਕਿਸਤਾਨ ਨੇ ਦਾਗੇ ਗੋਲੇ, ਤਾਲਿਬਾਨ ਲੱਗੇ ਰਹੇ

ਕਾਬੁਲ, 22 ਦਸੰਬਰ (ਪੋਸਟ ਬਿਊਰੋ)- ਤਾਲਿਬਾਨ ਨੇ ਅਫਗਾਨਿਸਤਾਨ ਦੇ ਨੰਗਰਹਾਰ ਸੂਬੇ ਦੇ ਗੁਸ਼ਤਾ ਜ਼ਿਲ੍ਹੇ ਵਿੱਚ ਡੂਰੰਡ ਲਾਈਨ ਉੱਤੇ ਪਾਕਿਸਤਾਨੀ ਦਸਤਿਆਂ ਵੱਲੋਂ ਲਾਈਆਂ ਕੰਡਿਆਲੀਆਂ ਤਾਰਾਂ ਨੂੰ ਨਸ਼ਟ ਕਰ ਦਿੱਤਾ ਹੈ। ਇਸ ਪਿੱਛੋਂ ਪਾਕਿਸਤਾਨ ਫੌਜ ਨੇ ਸਰਹੱਦ ਪਾਰ ਤੋਂ ਉਨ੍ਹਾ ਵੱਲ ਗੋਲੇ ਦਾਗੇ।

ਮਿਲੀ ਰਿਪੋਰਟ ਮੁਤਾਬਕ ਪਾਕਿਸਤਾਨੀ ਫ਼ੌਜ ਵੱਲੋਂ ਬਾਊਂਡਰੀ ਨੂੰ ਕਾਇਮ ਕਰਨ ਅਤੇ ਚੌੜਿਆਂ ਕਰਨ ਤੋਂ ਬਾਅਦ ਲਾਈਆਂ ਗਈਆਂ ਕੰਡਿਆਲੀਆਂ ਤਾਰਾਂ ਨੂੰ ਤਾਲਿਬਾਨ ਨੇ ਨਸ਼ਟ ਕਰ ਦਿੱਤਾ ਤੇ ਸਾਰਾ ਸਾਮਾਨ ਅਫਗਾਨਿਸਤਾਨ ਲੈ ਗਏ। ਜਰਨਲ ਡਾਇਰੈਕਟੋਰੇਟ ਆਫ ਇੰਟੈਲੀਜੈਂਸ (ਜੀ ਡੀ ਆਈ) ਦੇ ਸੂਬਾਈ ਪ੍ਰਮੁੱਖ ਡਾਕਟਰ ਬਸ਼ੀਰ ਸਰਹੱਦੀ ਜ਼ਿਲ੍ਹੇ ਗੁਸ਼ਤਾ ਵਿੱਚ ਆਪ੍ਰੇਸ਼ਨ ਦੀ ਅਗਵਾਈ ਕਰ ਰਹੇ ਸਨ।ਉਨ੍ਹਾਂ ਨੇ ਦੱਸਿਆ ਕਿ ਪਾਕਿਸਤਾਨੀ ਫ਼ੌਜ ਨੇ ਇਸ ਘਟਨਾ ਤੋਂ ਬਾਅਦ ਕੱਲ੍ਹ ਰਾਤ ਕੁਨਾਰ ਸੂਬੇ ਵਿੱਚ ਗੋਲੇ ਵੀ ਦਾਗੇ। ਲੱਗਭਗ ਇੱਕ ਮਹੀਨਾ ਪਹਿਲਾਂ ਪਾਕਿਸਤਾਨ ਵੱਲੋਂ ਤਾਲਿਬਾਨ ਨੂੰ ਡੂਰੰਡ ਲਾਈਨ ਬਾਬਤ ਧਮਕੀ ਦਿੱਤੀ ਗਈ ਸੀ।ਉਥੇ ਪਾਕਿਸਤਾਨ ਨੇ ਕਿਹਾ ਕਿ ਜੇ ਸਰਹੱਦ ਉੱਤੇ ਝਾੜੀਆਂ ਲਗਾਉਣ ਤੋਂ ਨਾਂਹ ਕੀਤੀ ਤਾਂ ਅਫਗਾਨੀਆਂ ਨੇ ਡੂਰੰਡ ਲਾਈਨ ਦੇ ਆਰ-ਪਾਰ ਲੰਘਣ ਉੱਤੇ ਰੋਕ ਲਾ ਦਿੱਤੀ ਜਾਏਗੀ। ਸਿੰਗਾਪੁਰ ਪੋਸਟ ਦੇ ਅਨੁਸਾਰ ਡੂਰੰਡ ਲਾਈਨ ਦਾ ਹਵਾਲਾ ਦਿੰਦੇ ਹੋਏ ਪਾਕਿਸਤਾਨ ਤਾਲਿਬਾਨ ਨੂੰ ਬਲੈਕਮੇਲ ਕਰ ਰਿਹਾ ਹੈ। ਉਥੇ ਤਾਲਿਬਾਨ ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਡੂਰੰਡ ਲਾਈਨ ਕੋਲ ਇਸ ਤਰ੍ਹਾਂ ਦੀਆਂ ਸ਼ਰਤਾਂ ਸਵੀਕਾਰ ਨਹੀਂ ਹਨ।

## ਇੰਡੀਅਨ ਆਇਲ ਰਿਫਾਇਨਰੀ 'ਚ ਭਿਆਨਕ ਅੱਗ ਨਾਲ 3 ਦੀ ਮੌਤ, 41 ਜ਼ਖਮੀ



ਕੋਲਕਾਤਾ, 22 ਦਸੰਬਰ (ਪੋਸਟ ਬਿਊਰੋ)- ਬੰਗਾਲ ਦੇ ਪਹਿਲੇ ਮੇਦਨੀਪੁਰ ਜ਼ਿਲ੍ਹੇ ਦੇ ਹਲਦੀਆ ਵਿੱਚ ਇੰਡੀਅਨ ਆਇਲ ਕਾਰਪੋਰੇਸ਼ਨ ਦੀ ਰਿਫਾਇਨਰੀ ਵਿੱਚ ਕੱਲ੍ਹ ਭਿਆਨਕ ਅੱਗ ਲੱਗ ਗਈ।

ਮਿਲੀ ਜਾਣਕਾਰੀ ਅਨੁਸਾਰ ਇਸ ਅਗਨੀਕਾਂਡ ਵਿੱਚ 44 ਲੋਕ ਝੁਲਸ ਗਏ, ਜਿਨ੍ਹਾਂ ਵਿੱਚੋਂ ਤਿੰਨ ਦੀ ਮੌਤ ਹੋ ਗਈ ਹੈ। ਹਾਦਸੇ ਵਿੱਚ ਜ਼ਖਮੀ ਬਾਕੀ 41 ਲੋਕਾਂ ਦਾ ਇਲਾਜ ਚੱਲ ਰਿਹਾ ਹੈ, ਜਿਸ ਵਿੱਚੋਂ ਕਈਆਂ ਦੀ ਨਾਜ਼ੁਕ ਦੱਸੀ ਜਾ ਰਹੀ ਹੈ। ਇੰਡੀਅਨ ਆਇਲ ਨੇ ਬਿਆਨ ਜਾਰੀ ਕਰ ਕੇ ਇਸ ਹਾਦਸੇਦੀ ਪੁਸ਼ਟੀ ਕੀਤੀ ਹੈ। ਪੁਲਸ ਅਨੁਸਾਰ ਜ਼ਖਮੀਆਂ ਵਿੱਚੋਂ 16 ਲੋਕਾਂ ਨੂੰ ਗ੍ਰੀਨ ਕਾਰੀਡੋਰ ਬਣਾ ਕੇ ਇਲਾਜ ਲਈ ਕੋਲਕਾਤਾ ਲਿਆਂਦਾ ਗਿਆ ਹੈ।ਇਹ ਹਾਦਸਾ ਬਾਅਦ ਦੁਪਹਿਰ ਕਰੀਬ ਦੋ ਵੱਜ ਕੇ ਤੀਹ ਮਿੰਟ ਉੱਤੇ ਹੋਇਆ। ਰਿਫਾਇਨਰੀ ਵਿੱਚ ਮੌਕ ਡਰਿਲ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਇਸ ਦੇ ਬਾਅਦ ਇੱਕ ਪਲਾਂਟ ਦੇ ਐਮ ਐਸ ਕਿਉ ਯੂਨਿਟ ਵਿੱਚ ਸ਼ਟਡਾਊਨ ਦਾ ਕੰਮ ਚੱਲ ਰਿਹਾ ਸੀ ਕਿ ਅਚਾਨਕ ਧਮਾਕਾ ਹੋਇਆ ਅਤੇ ਭਿਆਨਕ ਅੱਗ ਲੱਗ ਗਈ। ਅੱਗ ਉੱਤੇ ਕਾਬੂ ਪਾ ਲਿਆ ਗਿਆ ਅਤੇ ਸਥਿਤੀ ਕੰਟਰੋਲ ਵਿੱਚ ਹੈ।

## ਦੁਬਈ ਦੀ ਰਾਜਕੁਮਾਰੀ ਅਤੇ ਸ਼ੇਖ ਵਿਚਾਲੇ 55 ਕਰੋੜ ਪੌਂਡ ਦਾ ਤਲਾਕ ਸਮਝੌਤਾ



ਲੰਡਨ, 22 ਦਸੰਬਰ (ਪੋਸਟ ਬਿਊਰੋ)- ਦੁਬਈ ਦੀ ਰਾਜਕੁਮਾਰੀ ਹਯਾ ਅਤੇ ਸ਼ੇਖ ਵਿਚਕਾਰ 55 ਕਰੋੜ ਪੌਂਡ ਦਾ ਤਲਾਕ ਸਮਝੌਤਾ ਹੋਇਆ ਹੈ। ਇਹ ਬ੍ਰਿਟਿਸ਼ ਕਾਨੂੰਨੀ ਇਤਿਹਾਸ ਵਿੱਚ ਸਭ ਤੋਂ ਵੱਡਾ ਤਲਾਕ ਸਮਝੌਤੇ ਕਿਹਾ ਗਿਆ ਹੈ।

ਯੂ ਕੇ ਦੀ ਹਾਈ ਕੋਰਟ ਨੇ ਕੱਲ੍ਹ ਜਾਰਡਨ ਦੇ ਸਾਬਕਾ ਕਿੰਗ ਹੁਸੈਨ ਦੀ 47 ਸਾਲਾ ਧੀ ਰਾਜਕੁਮਾਰੀ ਹਯਾ ਬਿੰਤ ਅਲ ਹੁਸੈਨ ਨੂੰ 25.15 ਕਰੋੜ ਪੌਂਡ ਦੇਣ ਦਾ ਹੁਕਮ ਕੀਤਾ ਹੈ। ਉਹ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ-ਮਕਤੂਮ ਦੀਆਂ ਛੇ ਪਤਨੀਆਂ ਵਿੱਚੋਂ ਸਭ ਤੋਂ ਛੋਟੀ ਹੈ। ਸ਼ੇਖ ਮੁਹੰਮਦ ਬਿਨ ਰਾਇਸ਼ਦ ਅਲ ਮਕਤੂਮ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਦੇ ਪ੍ਰਧਾਨ ਮੰਤਰੀ ਹਨ। ਇਹ ਫੈਸਲਾ ਰਾਜਕੁਮਾਰੀ ਹਯਾ ਨੂੰ ਦੋ ਮਲਟੀ-ਮਿਲੀਅਨ ਪੌਂਡ ਦੀਆਂ ਜਾਇਦਾਦਾਂ ਨੂੰ ਚਲਾਉਣ ਦੀ ਲਾਗਤ ਨੂੰ ਪੂਰਾ ਕਰਨ ਲਈ ਹੈ। ਇੱਕ ਲੰਡਨ ਦੇ ਕੇਨਸਿੰਗਟਨ ਪੈਲੇਸ ਦੇ ਨਾਲ ਈਘਮ, ਸਰੀ ਵਿੱਚ ਉਨ੍ਹਾਂ ਦੀ ਮੁੱਖ ਰਿਹਾਇਸ਼ ਹੈ। ਇਸ ਫ਼ੈਸਲੇ ਦੇ ਨਾਲ ਇੱਕ ਨਰਸ ਅਤੇ ਨੈਨੀ ਦੋਵਾਂ ਲਈ ਛੁੱਟੀਆਂ, ਤਨਖ਼ਾਹਾਂ ਅਤੇ ਰਿਹਾਇਸ਼, ਪਰਵਾਰ ਲਈ ਬਖਤਰਬੰਦ ਗੱਡੀਆਂ, ਵੱਖ-ਵੱਖ ਨਸਲ ਦੇ ਘੋੜੇ ਤੇ ਹੋਰ ਪਾਲਤੂ ਜਾਨਵਰਾਂ ਦੀ ਸਾਂਭ-ਸੰਭਾਲ ਦੀ ਲਾਗਤ ਦਾ ਵੀ ਪ੍ਰਬੰਧ ਹੈ। ਜ਼ਿਕਰਯੋਗ ਹੈ ਕਿ ਜੋੜੇ ਦੇ ਦੋ ਬੱਚਿਆਂ, ਇੱਕ 14 ਸਾਲ ਦੀ ਧੀ ਅਤੇ ਇੱਕ 9 ਸਾਲ ਦੇ ਬੇਟੇ ਨੂੰ 5.6 ਮਿਲੀਅਨ ਪੌਂਡ ਪ੍ਰਤੀ-ਸਾਲ ਦੇ ਸੁਰੱਖਿਅਤ ਭੁਗਤਾਨ ਵੀ ਦਿੱਤੇ ਹਨ। ਇਨ੍ਹਾਂ ਨੂੰ 29 ਕਰੋੜ ਪੌਂਡ ਦੀ ਗਰੰਟੀ ਨਾਲ ਸੁਰੱਖਿਅਤ ਕੀਤਾ ਹੈ।

## ਆਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਵਿਖੇ ਕੈਨਬਰਾ ਸਿੱਖ ਐਸੋਸੀਏਸ਼ਨ ਦੀ ਚੋਣ ਸਰਬ ਸੰਮਤੀ ਨਾਲ ਹੋਈ




ਕੈਨਬਰਾ, 22 ਦਸੰਬਰ (ਸਰਬਜੀਤ ਸਿੰਘ)-ਪਿਛਲੇ ਦਿਨੀਂ ਕੈਨਬਰਾ ਸਿੱਖ ਐਸੋਸੀਏਸ਼ਨ ਦੀ ਚੋਣ ਸਰਬ ਸੰਮਤੀ ਨਾ਼ਲ ਹੋਈ। ਇਸ ਚਿਰਕਾਲੀ ਡਿਊ ਚੋਣ ਵਾਸਤੇ ਭਰਪੂਰ ਗਿਣਤੀ ਵਿਚ ਮੈਂਬਰਾਂ ਨੇ ਹਿੱਸਾ ਲਿਆ। ਵਾਤਾਵਰਨ ਪੂਰਨ ਸ਼ਾਂਤਮਈ ਅਤੇ ਉਤਸ਼ਾਹਪੂਰਨ ਸੀ। ਜੈਕਾਰਿਆਂ ਦੀ ਗੂੰਜ ਵਿਚ, ਸ. ਸਤਨਾਮ ਸਿੰਘ ਦਬੜੀਖਾਨਾ ਦੀ ਅਗਵਾਈ ਵਿਚ, ਸਰਬਸੰਮਤੀ ਨਾ਼ਲ ਪ੍ਰਬੰਧਕ ਕਮੇਟੀ ਦੀ ਚੋਣ ਹੋ ਗਈ।ਚੋਣਾਂ ਤੋਂ ਬਾਅਦ ਗੁਰਦੁਆਰਾ ਸਾਹਿਬ ਪਹੁੰਚਣ 'ਤੇ, ਗੁਰੂ ਘਰ ਵੱਲੋਂ ਪੁਰਾਣੇ ਕਮੇਟੀ ਮੈਬਰਾਂ ਵੱਲੋਂ ਸ. ਸਤਨਾਮ ਸਿੰਘ ਦਬੜੀਖਾਨਾ ਨੂੰ "ਜੀ ਆਇਆਂ" ਆਖਿਆ ਗਿਆ ਅਤੇ ਗਿਆਨੀ ਸੰਤੋਖ ਸਿੰਘ ਜੀ ਰਾਹੀਂ ਗੁਰੂ ਘਰ ਵੱਲੋਂ ਸਿਰੋਪੇ ਦੀ ਬਖ਼ਸ਼ਿਸ਼ ਹੋਈ।ਕੈਨਬਰਾ ਦੀ ਸੰਗਤ ਦਾ ਧੰਨਵਾਦ ਕਰਦਿਆਂ ਸ.ਦਬੜੀਖਾਨਾ ਨੇਕਿਹਾ ਕਿ ਸੰਗਤਾਂ ਨੇ ਮੈਨੂੰ ਸੇਵਾ ਦਾ ਮਾਣ ਬਖਸ਼ਿਆ ਹੈ, ਮੈਂ ਇਸ ਮਾਣ ਸਦਕਾ ਸੰਗਤਾਂ ਦਾ ਸਦਾ ਰਿਣੀ ਰਹਾਂਗਾ।

ਪਿਛਲੇ ਦੋ ਸਾਲ ਤੋਂ ਸੇਵਾ ਕਰ ਰਹੀ ਕਮੇਟੀ ਨੇ ਨਵੀਂ ਚੁਣੀ ਗਈ ਕਮੇਟੀ ਨੂੰ ਖ਼ੁਸ਼ੀ ਖ਼ੁਸ਼ੀ, ਗੁਰਦੁਆਰਾ ਸਾਹਿਬ ਦਾ ਚਾਰਜ ਦਿਤਾ। ਐਤਵਾਰ ਵਾ਼ਲੇ ਧਾਰਮਿਕ ਦੀਵਾਨ ਦੀ ਸਮਾਪਤੀ ਸਮੇ ਨਵੇਂ ਚੁਣੇ ਗਏ ਪ੍ਰਧਾਨ ਸ. ਸਤਨਾਮ ਸਿੰਘ ਦਬੜੀਖਾਨਾ ਨੇ ਸਟੇਜ ਤੋਂ ਸੰਗਤਾਂ ਨੂੰ ਇਹ ਖੁਸ਼ਖ਼ਬਰੀ ਸੁਣਾ ਕੇ, ਪਿਛਲੀ ਕਮੇਟੀ ਵੱਲੋਂ ਦੋ ਸਾਲਾਂ ਦੌਰਾਨ ਕੀਤੀ ਗਈ ਸੇਵਾ ਦਾ ਧੰਨਵਾਦ ਕਰਨ ਦੇ ਨਾ਼ਲ ਢੁਕਵੇਂ ਸ਼ਬਦਾਂ ਵਿਚ ਸ਼ਲਾਘਾ ਕਰਨ ਉਪ੍ਰੰਤ, ਨਵੀਂ ਕਮੇਟੀ ਵੱਲੋਂ ਆਉਣ ਵਾ਼ਲੇ ਸਮੇ ਵਿਚ ਗੁਰਦੁਆਰਾ ਸਾਹਿਬ ਵਿਚ ਹੋਣ ਵਾ਼ਲੀਆਂ ਸੇਵਾਵਾਂ ਬਾਰੇ ਸੰਗਤਾਂ ਨੂੰ ਜਾਣਕਾਰੀ ਦੇ ਕੇ, ਇਹਨਾਂ ਸੇਵਾਵਾਂ ਨੂੰ ਸਿਰੇ ਚਾੜ੍ਹਨ ਵਾਸਤੇ ਸਹਿਯੋਗ ਦੇਣ ਦੀ ਅਪੀਲ ਕੀਤੀ।

ਏਥੇ ਦੱਸਣਾ ਯੋਗ ਹੋਵੇਗਾ ਕਿ ਸ. ਸਤਨਾਮ ਸਿੰਘਦਬੜੀਖਾਨਾ ਦੀ ਅਗਵਾਈ ਹੇਠ ਪਿਛਲੇ ਪੰਦਰਾਂ ਸਾਲਾਂ ਤੋਂ 'ਸਰਦਾਰੀਆਂ ਟਰੱਸਟ' ਦਸਤਾਰਾਂ ਦੇ ਲੰਗਰ ਤੇ ਵੱਡੇ ਦਸਤਾਰ ਮੁਕਾਬਲਿਆਂ ਵਿਚ ਲੱਖਾਂ ਰੁਪਏ ਦੇ ਇਨਾਮ ਰੱਖ ਕੇ, ਨੌਜਵਾਨਾਂ ਵਿਚ ਦਸਤਾਰ ਪ੍ਰਤੀ ਪਿਆਰ ਪੈਦਾ ਕਰ ਰਿਹਾ ਹੈ। ਪੰਜਾਬ ਵਿਚ ਦਬੜੀਖਾਨਾ ਦੀ ਟੀਮ ਵੱਲੋਂ ਅਜਿਹੀਆਂ ਸੇਵਾਵਾਂ ਲੰਮੇ ਸਮੇ ਤੋਂ ਜਾਰੀ ਹਨ।ਉਹਨਾਂ ਨੇ ਮੀਡੀਆ ਨਾਲ ਗੱਲਬਾਤ ਕਰਦੇ ਸਮੇ ਦੱਸਿਆ ਕਿ ਸਾਡੇ ਕੈਨਬਰਾ ਦੇ ਵਿੱਚ ਲਗਾਤਾਰ ਸਿੱਖ ਗਿਣਤੀ ਵੱਧ ਰਹੀ ਹੈ ਜਿਸ ਕਰਕੇ ਸਾਨੂੰ ਗੁਰਦੁਆਰਾ ਸਾਹਿਬ ਵਾਸਤੇ ਨਵੀਂਅਤੇ ਵਿਸ਼ਾਲ ਇਮਾਰਤ ਦੀ ਵਧੇਰੇ ਜਰੂਰਤ ਹੈ।ਏਥੇ ਜੰਮੇ ਪਲੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਤੋਂ ਜਾਣੂ ਕਰਵਾਉਣਾ,ਦਸਤਾਰ ਸਿਖਲਾਈ, ਗੁਰਮਤਿ ਕਲਾਸਾਂ,ਗੱਤਕਾ,ਕੀਰਤਨ ਸਿਖਲਾਈ ਆਦਿ ਸਾਡੇ ਮੁਢਲੇ ਕਾਰਜ ਹਨ। ਇਹ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ।

ਉਹਨਾਂ ਦੇ ਨਾਲ ਚੁਣੇ ਗਏ ਉਪ ਪ੍ਰਧਾਨ ਹਰਵਿੰਦਰ ਸਿੰਘ ਰੰਧਾਵਾ,ਸੈਕਟਰੀ ਸ. ਸਤਿੰਦਰਬੀਰ ਸਿੰਘ ਸਹੋਤਾ,ਸਹਾਇਕ ਸੈਕਟਰੀ ਸ. ਗੁਰਅੰਮ੍ਰਿਤ ਸਿੰਘ ਢਿੱਲੋਂ, ਖ਼ਜਾਨਚੀ ਸ. ਮਲਕੀਤ ਸਿੰਘ, ਸਹਾਇਕ ਖਜਾਨਚੀ ਸ. ਰਮਨਪ੍ਰੀਤ ਸਿੰਘ ਆਹਲੂਵਾਲੀਆ,ਮੈਂਬਰਜ਼ ਸ. ਨੋਬਲਪ੍ਰੀਤ ਸਿੰਘ,ਸ. ਜਗਜੀਤ ਸਿੰਘ ਜੱਗਾ ਅਤੇ ਸ.ਪ੍ਰਭਜੋਤ ਸਿੰਘ ਸੰਧੂ ਹੁਣਾਂ ਨੇ ਵੀ ਸੰਗਤ ਦਾ,ਗੁਰ-ਦੁਆਰਾ ਸਾਹਿਬ ਦੀ ਸੇਵਾ ਬਖਸ਼ਣ 'ਤੇ ਤਹਿ ਦਿਲੋਂ ਧੰਨਵਾਦ ਕੀਤਾ।

ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਵੀਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਦੀਆਂ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887 ਸਤਪਾਲ ਸਿੰਘ ਗਰੇਵਾਲ ਨੂੰ 519-405-0075 , ਜਸਵੰਤ ਸਿੰਘ ਰਜ਼ੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨੂੰ ਸੰਪਰਕ ਕਰੋ ਜੀ।

